Digitized by Arya Samaj Foundation Chennai and eGangotri

ਦਰਪਣ ਬੁਲਬੁਲਿਆਂ ਦੇ

ਤਾਰਾ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7783 DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਪਣ ਬੁਲਬੁਲਿਆਂ ਦੇ

Forwarded Free of cost and
with the compliments of the
Department of Education,
Govt. of India, New Delhi"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਪੁਸਤਕਾਂ

ਸਿਮਦੇ ਪੱਥਰ

ਮੋਘਲੇ

ਅਸੀਂ ਤੁਸੀਂ

ਆਰੰਭਿਕਾ

ਸੂਰਜ ਦਾ ਲੈਟਰ ਬਕਸ

ਕਹਿਕਸ਼ਾਂ (ਸਾਹਿਤ ਅਕਾਦਮੀ ਪੁਰਸਕਾਰ ਜੇਤੂ)

ਨਾਥ ਬਾਣੀ

ਸਰਗੋਸ਼ੀਆਂ (ਵਾਰਤਕ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਪਣ
ਬੁਲਬੁਲਿਆਂ ਦੇ

7783

पुस्तकालय
पुस्तकालय
गुरुकुल कांगड़ी विश्वविद्यालय

ਤਾਰਾ ਸਿੰਘ

Forwarded Free of cost, and
with the compliments of the
Department of Education,
Govt of India, New Delhi"

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DARPAN BULBALIAN DE

by

Tara Singh

© ਹਕ ਰਾਖਵੇਂ ਹਨ

ਪਹਿਲੀ ਵਾਰ : 1991

ਪ੍ਰਕਾਸ਼ਕ :

ਆਰਸੀ ਪਬਲਿਸ਼ਰਜ਼

ਚਾਂਦਨੀ ਚੌਕ, ਦਿੱਲੀ-6

ਛਾਪਕ :

ਐਮ. ਜੇ. ਪ੍ਰਿੰਟਰਜ਼

102/ੲ, ਨਾਰਾਇਣ ਨਗਰ, ਦਿੱਲੀ-92

ਮੁੱਲ : 60 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਇਰ, ਮਹਾਦਾਨੀ ਅਤੇ "ਬਾਵਾ ਰਘਬੀਰ ਸਿੰਘ ਐਂਡ ਸਨਜ਼, ਟਿੰਬਰ ਮਰਚੈਂਟ, ਦਿੱਲੀ", ਦੇ ਬਾਨੀ ਪੂਜਨੀਕ ਸਵਰਗੀ ਬਾਵਾ ਰਘਬੀਰ ਸਿੰਘ ਜੀ ਦੀ ਮਧੁਰ ਤੇ ਸੁਹਾਣੀ ਯਾਦ ਨੂੰ ਸਮਰਪਿਤ ਹੈ ਇਹ ਪੁਸਤਕ ।

—**ਤਾਰਾ ਸਿੰਘ**

ਜੁਲਾਈ 1991

Forwarded Free of cost, and
with the compliments of the
Department of Education,
Govt. of India, New Delhi"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤ ਤ ਕ ਰਾ

ਉਸਤਾਦ ਮਿਲਖੀ ਰਾਮ	9
ਤ੍ਰਿੰਨ ਪੱਤਣਾਂ ਦਾ ਤਾਰੂ	14
ਉਦਾਸ ਬੋਲਾਂ ਦੀ ਤਲਾਸ਼	24
ਦੇਵਿੰਦਰ ਸਤਿਆਰਥੀ	30
ਸਾਈਕਲ ਸਵਾਰ ਕਵੀ	39
ਚਾਨਣ ਦਾ ਰੁੱਖ	49
ਬੀਬੀ ਤੇਜ ਕੌਰ	55
ਸੁਮਨ ਆਨੰਦ	54
ਰੱਬ ਦਾ ਸ਼ਰੀਕ	64
ਗੰਜਾ ਫ਼ਰਿਸ਼ਤਾ	71
ਸਾਹਾਂ ਦੇ ਖ਼ਰਗੋਸ਼	76

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਤਾਦ ਮਿਲਖੀ ਰਾਮ

ਮਿਲਖੀ ਰਾਮ ਕਿੱਸਾ ਗੋ ਸ਼ਾਇਰ ਸੀ। ਉਸ ਨੇ ਆਪਣੇ ਜੀਵਨ ਵਿਚ ਤਿੰਨ ਸੌ ਤੋਂ ਵੱਧ ਕਿੱਸੇ ਲਿਖੇ। ਹਕੀਕਤ ਰਾਏ—ਸਰਵਣ ਸਪੁੱਤਰ, ਹਿੰਦੂ ਪਾਣੀ—ਹਸਨ ਹੁਸੈਨ ਦੀ ਸ਼ਹਾਦਤ, ਮੁਸਲਮਾਨ ਪਾਣੀ—ਹਰਨੀ ਦਾ ਦਿਲ, ਆਸ਼ਕਾਂ ਦੀ ਮੌਤ—ਆਦਿ। ਹਰ ਕਿੱਸਾ ਹਜ਼ਾਰਾਂ ਦੀ ਤਾਦਾਦ ਵਿਚ ਵਿਕਿਆ। ਉਸ ਦੇ ਕਿੱਸਿਆਂ ਦੇ ਸ਼ੇਅਰ, ਬੈਂਤਾਂ, ਛੰਦਬੰਦ ਹਿੰਦੂ ਮੁਸਲਮਾਨ, ਸਭ ਦੀ ਜ਼ਬਾਨ ਉਤੇ ਸਨ। ਉਹਦੇ ਬੋਲ ਸੁਣ ਕੇ ਉਸ ਨੂੰ ਦੇਖਣ ਦੀ ਲਾਲਸਾ ਜਾਗ ਉਠਦੀ ਸੀ। ਪਰ ਇਹ ਇਕ ਹਕੀਕਤ ਹੈ ਕਿ ਮਿਲਖੀ ਰਾਮ ਨੇ ਇਹਨਾਂ ਤਿੰਨ ਸੌ ਕਿੱਸਿਆਂ ਦਾ ਕਦੇ ਇਕ ਪੈਸਾ ਵੀ ਵਸੂਲ ਜਾਂ ਪਰਵਾਣ ਨਹੀਂ ਕੀਤਾ। ਆਪਣੇ ਨਿਰਬਾਹ ਵਾਸਤੇ ਉਹ ਮੱਸਵਰੀ ਕਰਦਾ ਸੀ, ਅਤੇ ਉਸਤਾਦ ਲਾਹੌਰਾ ਸਿੰਘ ਦਾ ਸ਼ਾਗਿਰਦ ਸੀ। ਬਟਵਾਰੇ ਤੋਂ ਪਹਿਲਾਂ ਜਦੋਂ ਪੰਜਾਬ ਦੇ ਪਿੰਡਾਂ ਵਿਚ ਦੋਹੇ ਪਿੱਟਣ ਅਤੇ ਹਜ਼ਰਤ ਹਸਨ ਹੁਸੈਨ ਦਾ ਸੋਗ ਮਨਾਉਣ ਦਾ ਰਿਵਾਜ ਸੀ, ਤਾਂ ਪਿੰਡਾਂ ਦੀਆਂ ਸੁਆਣੀਆਂ ਤੇ ਮਰਦ ਰਾਤ ਰਾਤ ਭਰ ਮਿਲਖੀ ਰਾਮ ਦੇ ਦਰਦੀਲੇ ਸ਼ੇਅਰਾਂ ਨੂੰ ਵਿਲਕ ਵਿਲਕ ਕੇ ਪੜ੍ਹਦੇ ਸਨ। ਪਿੰਡ ਦੇ ਕਿਸੇ ਖੁੱਲ੍ਹੇ ਚੁਗਾਨ ਜਾਂ ਚੌਕ ਵਿਚ ਮੁਸਲਮਾਨ ਤ੍ਰੀਮਤਾਂ ਕੰਧਾਂ ਨਾਲ ਲਗ ਕੇ ਖਲੋ ਜਾਂਦੀਆਂ। ਇਕ ਤ੍ਰੀਮਤ ਅੱਗੇ ਅੱਗੇ ਬੋਲਦੀ, ਅਤੇ ਬਾਕੀ ਜ਼ਨਾਨੀਆਂ ਦੋਹਾਂ ਹੱਥਾਂ ਨਾਲ ਛਾਤੀਆਂ ਤੇ ਪੱਟਾਂ ਉੱਪਰ ਦੋਹੱਥੜ ਮਾਰਦੀਆਂ ਤੇ ਗਾਉਂਦੀਆਂ :—

ਲੁਟੀਆਂ ਸਭ ਜਾਗੀਰਾਂ—
ਪਾਕ ਮਦੀਨੇ ਦੀ ਸਰਕਾਰ ਦੀਆਂ।
ਨਾਜ਼ਕ ਜਿੰਦਾਂ ਕੈਦੀ ਹੋਈਆਂ
ਹਾਲ ਓ ਹਾਲ ਪੁਕਾਰਦੀਆਂ।
ਸਿਰ ਹੁਸੈਨ ਦਾ ਨੇਜ਼ੇ ਟੰਗਿਆ
ਬੀਬੀਆਂ ਜ਼ੁਲਮ ਸਹਾਰਦੀਆਂ।
ਖੁਲ੍ਹੇ ਵਾਲ ਗਲਾਂ ਵਿਚ ਪਾਏ,
ਰੋ ਰੋ ਢਾਹੀਂ ਮਾਰਦੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਸ਼ਬਦਾਂ ਨਾਲ ਪਿੰਡ ਦੀਆਂ ਸਾਦਾ ਦਿਲ ਕੁਆਰੀਆਂ ਆਵਾਜ਼ਾਂ ਇਕ ਅਧਭੁਤ ਸਮਾਂ ਬੰਨ੍ਹ ਦਿੰਦੀਆਂ । ਜ਼ਨਾਨੀਆਂ ਦਾ ਸੁਭਾਅ ਅਤੇ ਮਨ ਕੋਮਲ ਹੁੰਦਾ ਹੈ, ਤੇ ਉਹ ਦੂਸਰੇ ਦਾ ਦੁੱਖ ਨਹੀਂ ਸਹਾਰ ਸਕਦੀਆਂ । ਇਸ ਸਮੇਂ ਜੋ ਹਿੰਦੂ ਸੁਆਣੀਆਂ ਇਹਨਾਂ ਮੁਸਲਮਾਨ ਤ੍ਰੀਮਤਾਂ ਨੂੰ ਹਸਨ ਹੁਸੈਨ ਦੇ ਸੋਗ 'ਚ ਵਿਲਕਦੀਆਂ ਤੇ ਦੋਹੇ ਪਿੱਟਦੀਆਂ ਦੇਖਦੀਆਂ ਸਨ, ਉਹ ਆਪ ਮੁਹਾਰੇ ਹੀ ਇਹਨਾਂ ਨਾਲ ਸ਼ਾਮਲ ਹੋ ਜਾਂਦੀਆਂ ਅਤੇ ਉਹਨਾਂ ਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਕਿਰਨ ਲਗਦੇ ।

ਮਿਲਖੀ ਰਾਮ ਨੇ 'ਸਰਵਣ ਪਾਣੀ' ਲਿਖਿਆ ਤਾਂ ਲੱਖਾਂ ਹਿੰਦੂਆਂ ਦੇ ਘਰਾਂ ਵਿਚ ਉਸ ਦੇ ਕਰੁਣਾ-ਮਈ ਬੋਲ ਗੂੰਜਣ ਲਗੇ । ਸਰਵਣ ਆਪਣੇ ਅੰਨ੍ਹੇ ਮਾਂ ਪਿਉ ਨੂੰ ਵਹਿੰਗੀ ਵਿਚ ਬਿਠਾਲ ਕੇ ਤੀਰਥ ਯਾਤਰਾ ਕਰਾਉਂਦਾ ਰਾਜਾ ਦਸ਼ਰਥ ਦੇ ਤਲਾਬ ਕੋਲ ਪੁੱਜਦਾ ਹੈ । ਮਾਪਿਆਂ ਨੂੰ ਪਿਆਸ ਲੱਗੀ ਹੈ । ਸਰਵਣ ਵਹਿੰਗੀ ਰੱਖ ਕੇ ਪਾਣੀ ਦੀ ਭਾਲ ਵਿਚ ਜਾਂਦਾ ਹੈ । ਤਲਾਬ ਵਿਚੋਂ ਤੂੰਬੀ ਭਰਦਾ ਹੈ, ਤਾਂ ਗੜ ਗੜ ਦੀ ਆਵਾਜ਼ ਸੁਣ ਕੇ ਮਹਾਰਾਜ ਦਸ਼ਰਥ ਨੇ ਇਹ ਸਮਝਿਆ ਕਿ ਕੋਈ ਜਾਨਵਰ ਪਾਣੀ ਖਰਾਬ ਕਰ ਰਿਹਾ ਹੈ । ਦਸ਼ਰਥ ਤੀਰ ਮਾਰ ਕੇ ਉਸ ਦੀ ਛਾਤੀ ਵਿੰਨ੍ਹ ਦਿੰਦਾ ਹੈ । ਸਰਵਣ ਦੇ ਮਾਤਾ ਪਿਤਾ ਉਸ ਨੂੰ ਸ਼ਰਾਪ ਦਿੰਦੇ ਹਨ ਕਿ 'ਤੂੰ ਵੀ ਔਲਾਦ ਦੇ ਦੁੱਖ ਵਿਚ ਤੜਫਦਾ ਮਰੇਂਗਾ ।'

ਇਸ ਕਿੱਸੇ ਦੇ ਕੁਝ ਹਿੱਸਿਆਂ ਨੂੰ ਉਸਤਾਦ ਮਿਲਖੀ ਰਾਮ ਇਸ ਤਰ੍ਹਾਂ ਨਿਭਾਉਂਦੇ ਹਨ :—

ਚੇਤਰ ਚਿੱਤ ਘਬਰਾ ਗਿਆ ਮਾਪਿਆਂ ਦਾ,
ਲੱਗੀ ਦੋਹਾਂ ਨੂੰ ਸਖਤ ਪਿਆਸ, ਪਾਣੀ ।
ਕਿਹੜੀ ਜਗ੍ਹਾ ਤੋਂ ਪੀਵੀਏ ਏਸ ਵੇਲੇ,
ਨਹੀਂ ਬੂੰਦ ਗ਼ਰੀਬਾਂ ਦੇ ਪਾਸ ਪਾਣੀ ।

ਸਰਵਣ ਤਲਾਬ ਤੇ ਪੁੱਜਦਾ ਹੈ :—

ਜੇਠ ਜਦੋਂ ਸਰਵਣ ਤੂੰਬਾ ਭਰੇ ਵਿਚੋਂ,
ਤਦੋਂ ਗੜ ਗੜ ਕੀਤੀ ਕਮਾਲ ਪਾਣੀ ।
ਦਸ਼ਰਥ ਸੁਣ ਕੇ ਆਵਾਜ਼ ਹੈਰਾਨ ਹੋਇਆ,
ਕਹਿੰਦਾ, ਹਾਥੀ ਕੋਈ ਰਿਹਾ ਉਛਾਲ ਪਾਣੀ ।
ਰਾਜੇ ਏਧਰ ਨੂੰ ਤੀਰ ਚਲਾ ਦਿਤਾ
ਉਹ ਸੀ ਪਿਆ ਭਰਦਾ—
ਬੇ-ਖਿਆਲ ਪਾਣੀ ।
ਮਿਲਖੀ ਸਿੱਧਾ ਜਾ—
ਸੀਨੇ ਦੇ ਵਿਚ ਵੱਜਾ,
ਲਹੂ ਚਲਿਆ ਵਿਚੋਂ ਮਿਸਾਲ ਪਾਣੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਵਣ ਵਿਰਲਾਪ ਕਰਦਾ ਹੈ :—

ਹਾੜ ਹਾਏ ਮਰ ਗਿਆ ਭਗਵਾਨ ਜੀ ਮੈਂ,
ਪੀਣਾ ਘੁੱਟ ਨਾ ਹੋਇਆ ਨਸੀਬ ਪਾਣੀ ।
ਜਾ ਕੇ ਕੌਣ ਪਿਲਾਏਗਾ ਅੰਨ੍ਹਿਆਂ ਨੂੰ,
ਪਏ ਉਡੀਕਦੇ ਹੋਸਨ ਗਰੀਬ ਪਾਣੀ ।

ਮਿਲਖੀ ਰਾਮ ਦੇ ਸ਼ੇਅਰਾਂ ਦੀ ਬੰਦਸ਼ ਜਿਸ ਸਾਦਗੀ ਤੇ ਨਿਪੁੰਨਤਾ ਦਾ ਝਲਕਾਰਾ ਦਿੰਦੀ ਹੈ, ਇਸ ਤੋਂ ਉਹਦੇ ਉਸਤਾਦ ਹੋਣ ਦਾ ਪ੍ਰਤੱਖ ਸਬੂਤ ਮਿਲਦਾ ਹੈ ।

ਦੂਜੇ ਪਾਸੇ ਬੈਂਤਬਾਜ਼ੀ ਦਾ ਨਮੂਨਾ ਦੇਖੋ :—

ਸੁਆਦ ਸੁਬਹਿ ਵੇਲੇ ਬਸਤਾ ਯਾਰ ਲੈ ਕੇ,
ਬਾਈਸਿਕਲ ਤੇ ਹੋ ਕੇ ਅਸਵਾਰ ਲੰਘਿਆ ।
ਘੜੀ ਹੱਥ, ਤੇ ਜੇਬ ਨੂੰ ਪੈੱਨ ਲਾਇਆ,
ਗੋਰੇ ਮੁੱਖ ਤੇ ਜ਼ੁਲਫ ਖਿਲਾਰ ਲੰਘਿਆ ।
ਰਹੇ ਬੰਦ ਮਦੱਰਸੇ ਨੇ ਕਲ੍ਹ ਸਾਰੇ,
ਸਾਨੂੰ ਮੁਸ਼ਕਲਾਂ ਨਾਲ ਇਤਵਾਰ ਲੰਘਿਆ ।
ਮਿਲਖੀ ਧੜਕ ਗਏ ਨੇ ਸੀਨੇ ਆਸ਼ਕਾਂ ਦੇ,
ਜਦੋਂ ਘੰਟੀ ਦੀ ਪਾਉਂਦਾ ਟੁਣਕਾਰ ਲੰਘਿਆ ।

ਬੈਂਤ ਬਾਜ਼ੀ ਦਾ ਜ਼ਮਾਨਾ ਸੀ ਤੇ ਮਿਲਖੀ ਰਾਮ ਦੀ ਸ਼ਾਇਰੀ ਉੱਪਰ ਵੀ ਇਸ ਦੀ ਅਮਿੱਟ ਛਾਪ ਮੌਜੂਦ ਹੈ । ''ਇਸ਼ਕ ਲਹਿਰ'' ਪੰਜਾਬੀ ਦੇ ਉਸਤਾਦ ਸ਼ਾਇਰ ਦਾ ਇਕ ਬੈਂਤ ਦੇਖੋ । ਉਸ ਦਾ ਮਿੱਤਰ ਪਿਆਰਾ ਬਾਗ ਵਿਚ ਆਉਂਦਾ ਹੈ, ਤਾਂ ਉਹ ਇੰਜ ਉਸ ਸਮੇਂ ਨੂੰ ਬਿਆਨ ਕਰਦਾ ਹੈ :—

ਯਾਰ ਬਾਗ ਆਇਆ, ਬਾਗ਼ ਬਾਗ਼ ਹੋਏ,
ਕੋਇਲਾਂ ਕੂਕੀਆਂ ਕੁਮਰੀਆਂ ਗੁਟਕੀਆਂ ਨੇ ।
ਫੁੱਲ ਸੁਰਖ ਬਹਾਰ ਦੀ ਭਾਅ ਮਾਰਨ,
ਉਤੇ ਡਾਲੀਆਂ ਦੇ ਲੈਂਦੇ ਲੁਟਕੀਆਂ ਨੇ ।
ਉਹਦੀ ਤਾਂਘ ਵਿਚ ਫਲ ਗਦਰਾਏ ਸਾਰੇ,
ਉਡਣ ਬੂਰ ਜਿਉਂ ਰੂੰ ਦੀਆਂ ਫੁਟਕੀਆਂ ਨੇ ।
''ਇਸ਼ਕ ਲਹਿਰ'' ਬਹਾਰ ਦਾ ਗੀਤ ਗਾਵੇ,
ਪਿਛੋਂ ਰੁੱਖ ਵਜਾਵੰਦੇ ਚੁਟਕੀਆਂ ਨੇ ।

1947 ਦੇ ਫਸਾਦਾਂ ਨੇ ਪੰਜਾਬੀ ਸਾਹਿਤ ਤੇ ਸਾਹਿਤਕਾਰ ਵੀ ਦੇਸ਼ ਨਾਲ ਵੰਡ ਲਏ । ਮੁਸਲਮਾਨਾਂ ਦਾ ਪਿਆਰਾ ਕਵੀ ਮਿਲਖੀ ਰਾਮ ਵੀ ਕਾਫਲਿਆਂ ਨਾਲ ਸਰਹੱਦ ਪਾਰ ਕਰਕੇ ਹਿੰਦੋਸਤਾਨ ਆ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਪਤਾ ਲੱਗਾ, ਉਸਤਾਦ ਮਿਲਖੀ ਰਾਮ ਦਿੱਲੀ ਵਿਚ ਕਰੋਲ ਬਾਗ਼ ਦੇ ਇਲਾਕੇ ਵਿਚ ਰਹਿੰਦੇ ਹਨ । ਮੈਂ ਥਾਂ ਟਿਕਾਣੇ ਦੀ ਸੂਹ ਕੱਢੀ, ਤੇ ਲਭਦਾ ਲਭਦਾ ਉਥੇ ਜਾ ਪੁਜਾ । ਆਲੇ ਦੁਆਲੇ ਦੁਕਾਨਦਾਰਾਂ ਨੂੰ ਪੁਛਿਆ । ਉਹਨਾਂ ਨੇ ਇਕ ਦਰਵਾਜ਼ੇ ਵਲ ਇਸ਼ਾਰਾ ਕਰਕੇ ਆਖਿਆ, 'ਉਹ ਇਥੇ ਹੀ ਰਹਿੰਦੇ ਹਨ ।' ਮੈਂ ਉਸ ਬੂਹੇ ਦੇ ਅੰਦਰ ਝਾਕਿਆ । ਉਫ ! ਇਹ ਪੌੜੀਆਂ ਦੇ ਹੇਠਲੀ ਥਾਂ ਸੀ । ਮੈਲੇ ਕੁਚੈਲੇ ਦੋ ਪਜਾਮੇ ਇਕ ਝੱਗਾ ਗੁੱਛਾ ਮੁੱਛਾ ਕਰਕੇ ਗਠੜੀ ਵਿਚ ਬੰਨ੍ਹੇ ਹੋਏ ਸਨ । ਕੋਣੇ ਵਿਚ ਇਕ ਰਜਾਈ ਬੇਹਦ ਮੈਲੀ, ਟੀਨ ਦੇ ਮੈਲੇ ਨੰਗੇ ਤੇ ਟੁਟੇ ਹੋਏ ਦੋ ਤਿੰਨ ਡੱਬੇ, ਪਾਣੀ ਪੀਣ ਵਾਲਾ ਚੀਨੀ ਦਾ ਇਕ ਭਵਕਾ ਅਤੇ ਚਿਟਿਆਈ ਉਖੜੀ ਇਕ ਪਲੇਟ, ਜੋ ਹੁਣ ਮੈਲੀ ਤੇ ਨੀਲੀ ਦਿਸਦੀ ਸੀ, ਪਈ ਸੀ । ਬਦਬੋ ਤੇ ਹਵਕ ਦਾ ਇਕ ਸਾਹ ਘੁਟਵਾਂ ਵਾਤਾਵਰਣ ਸੀ । ਮੈਂ ਝਾਕਦੇ ਸਾਰ ਹੀ ਪਿਛੇ ਹਟ ਗਿਆ । ਦੁਕਾਨਦਾਰ ਨੇ ਕਿਹਾ, "ਉਹ ਬੁੱਢਾ ਇਥੇ ਹੀ ਕਿਤੇ ਹੋਣੈਂ । ਔਹ ਦੇਖੋ, ਪਟੜੀ ਤੋਂ ਏਧਰ ਆ ਰਿਹੈ ।"

ਮੈਂ ਦੇਖਿਆ, ਮੈਲੇ ਉਚੇ ਪਜਾਮੇ ਤੇ ਕਮੀਜ਼ ਵਾਲਾ ਇਕ ਬੁੱਢਾ ਨੇੜੇ ਨੇੜੇ ਪੈਰ ਧਰਦਾ ਆ ਰਿਹਾ ਸੀ । ਉਸ ਨੂੰ ਗੰਠੀਆ ਹੋਇਆ ਜਾਪਦਾ ਸੀ । ਦਸ ਗਜ਼ਾਂ ਦੀ ਵਿੱਥ ਉਹਨੇ ਦਸਾਂ ਪੰਦਰਾਂ ਮਿੰਟਾਂ ਵਿਚ ਮਸਾਂ ਪੂਰੀ ਕੀਤੀ ।

ਮੈਂ ਚੁਪ ਰਿਹਾ । ਉਸ ਨੂੰ ਅੱਖਾਂ ਤੋਂ ਵੀ ਘਟ ਦਿਸਦਾ ਸੀ । ਉਹ ਹੌਲੀ ਹੌਲੀ ਸਰਦਲ ਟਪ ਕੇ ਹੱਥਾਂ ਨਾਲ ਟੋਂਹਦਾ ਟੋਂਹਦਾ ਪੌੜੀ ਦੇ ਹੇਠਾਂ ਮੈਲੀ ਗਠੜੀ ਕੋਲ ਢੋ ਲਾ ਕੇ ਜਾ ਬੈਠਾ ! ਮੈਨੂੰ ਜਾਪਿਆ, ਜਿਵੇਂ ਉਹ ਸਾਰੇ ਕੰਮ ਮੁਕਾ ਚੁਕਿਆ ਹੈ । ਸਿਰਫ ਤੁਰ ਜਾਣ ਦੀ ਉਡੀਕ ਵਿਚ ਹੈ ।

ਮੈਂ ਅਗਾਂਹ ਵਧ ਕੇ ਉਸ ਦੇ ਪੈਰ ਛੋਹੇ । ਉਹ ਤ੍ਰਭਕਿਆ—'ਕੌਣ ਏਂ ?'

ਮੈਂ ਆਪਣਾ ਨਾਂ ਦਸਿਆ ਤੇ ਆਖਿਆ—'ਉਸਤਾਦ ਜੀ ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ ।'

ਉਸ ਨੇ ਆਖਿਆ, 'ਕਲ੍ਹ ਆਵੀਂ । ਅਜ ਮੈਂ ਨਹੀਂ ਵਿਹਲਾ ।' ਮੈਂ 'ਅਛਾ' ਆਖ ਕੇ ਉਹਨਾਂ ਦੇ ਕਦਮਾਂ ਨੂੰ ਹੱਥ ਲਾਇਆ ਤੇ ਤੁਰਨ ਲਗਾ । ਉਹ ਬੋਲੇ—'ਅਛਾ, ਬਹਿ ਜਾ ਫਿਰ । ਅਜ ਈ ਬਹਿ ਜਾ । ਕਲ੍ਹ ਵਿਚ ਤੇ ਅਜ ਵਿਚ ਹੁਣ ਕੀ ਫਰਕ ਰਹਿ ਗਿਆ ਹੈ ? ਬਹਿ ਜਾ ।'

ਹੌਲੀ ਹੌਲੀ ਮੈਂ ਗੱਲਾਂ ਛੇੜ ਲਈਆਂ । ਉਹਨਾਂ ਦੀ ਪ੍ਰਸੰਸਾ ਕੀਤੀ, ਉਹਨਾਂ ਦੀ ਪ੍ਰਸਿਧੀ ਤੇ ਆਪਣੇ ਪਿੰਡ ਦੀਆਂ ਦੋਹੇ ਪਿੱਟਣ ਵਾਲੀਆਂ ਮੁਸਲਮਾਨ ਸੁਆਣੀਆਂ ਦਾ ਉਹਨਾਂ ਦੀ ਕਵਿਤਾ ਨਾਲ ਮੋਹ ਦਸਿਆ । ਉਸਤਾਦ ਮਿਲਖੀ ਰਾਮ ਦੇ ਚਿਹਰੇ ਉਪਰ ਰੌਣਕ ਪਰਤ ਆਈ । ਉਹਨਾਂ ਪੁਛਿਆ, 'ਤੂੰ ਕੀ ਖਾਏਂ ਪੀਏਂਗਾ ?'

ਮੈਂ ਕਿਹਾ, 'ਉਸਤਾਦ ਜੀ ਤੁਸੀਂ ਮੈਨੂੰ ਹੁਕਮ ਕਰੋ, ਤਾਂ ਮੈਂ ਧੰਨਭਾਗ ਸਮਝਾਂਗਾ ।'

ਕਹਿਣ ਲਗੇ, 'ਨਹੀਂ ਨਹੀਂ ਸਰਦਾਰ ਜੀ, ਬਹਿ ਜਾ । ਤੂੰ ਪਹਿਲਾਂ ਈਂ ਬੜੀ ਦੇਰ ਕਰਕੇ ਆਇਆ ਏਂ । ਹੁਣ ਤਾਂ ਸਭ ਕੁਛ ਸੁੱਕ ਮੁੱਕ ਗਿਆ । ਤੁਹਾਡੀ ਗੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਠੀਕ ਹੈ । ਹੁਣ ਤੁਸੀਂ ਨਹੀਂ, ਮੈਂ ਆਪ ਮਹਿਮਾਨ ਹਾਂ ! ਕਦੀ ਕਦੀ ਹਵਾ ਦਾ ਬੁੱਲਾ ਆਉਂਦਾ ਹੈ, ਰੌਣਕ ਹੋ ਜਾਂਦੀ ਹੈ । ਤੂੰ ਕੀ ਲਿਖਦੈਂ ?'

ਮੈਂ ਦਸਿਆ, ਮੈਂ ਕਵਿਤਾ ਲਿਖਦਾ ਹਾਂ । ਉਹ ਖੁਸ਼ ਹੋਏ । ਮੈਂ ਉਹਨਾਂ ਨੂੰ ਕੁਛ ਸੁਨਾਉਣ ਲਈ ਕਿਹਾ । ਉਹਨਾਂ ਨੇ ਪ੍ਰਸਾਦ ਦੇ ਤੌਰ ਤੇ ਤਿੰਨ ਚਾਰ ਬੰਦ ਸੁਣਾਏ, ਜੋ ਉਹਨਾਂ ਨੂੰ ਯਾਦ ਨਹੀਂ ਸਨ ਆ ਰਹੇ ।

ਉਹ ਟੋਲ ਟੋਲ ਕੇ ਮਿਸਰਾ ਕਢਦੇ । ਮੈਂ ਉਸ ਨੂੰ ਦੁਹਰਾ ਦੁਹਰਾ ਯਾਦ ਕਰ ਲੈਂਦਾ । ਉਹ ਥੋੜੀ ਦੇਰ ਯਾਦਾਸ਼ਤ ਨਾਲ ਘੋਲ ਕਰਦੇ ਰਹੇ, ਫੇਰ ਬੇਜ਼ਾਰ ਹੋ ਗਏ । ਫੇਰ ਸੋਚਣਾ ਛਡ ਕੇ ਸ਼ਾਂਤ ਹੋ ਬੈਠ ਗਏ ।

'ਉਸਤਾਦ ਜੀ, ਤੁਹਾਡੇ ਰਿਸ਼ਤੇਦਾਰ ਤੇ ਬਾਲ ਬੱਚੇ ਕਿਥੇ ਹਨ ?' ਮੈਂ ਪੁਛਿਆ । ਉਹ ਬੋਲੇ, 'ਬਾਲ ਬੱਚੇ ਲਾਹੌਰ ਈ ਮਰ ਗਏ ਸਨ । ਅਠਾਰਾਂ ਬੱਚੇ ਹੋਏ, ਸਭ ਮਰ ਗਏ ।'

'ਤੁਹਾਡਾ ਮਨ ਤਾਂ ਬੜਾ ਦੁਖੀ ਹੋਇਆ ਹੋਵੇਗਾ ?'

'ਨਹੀਂ ! ਮੈਂ ਸਭ ਕੁਝ ਰੱਬ ਦੀ ਦਾਤ ਸਮਝਦਾ ਹਾਂ । ਇਕ ਵਾਰ ਮੇਰਾ ਇਕ ਬੱਚਾ ਮਰ ਗਿਆ । ਲੋਕੀ ਅਫਸੋਸ ਲਈ ਬੈਠਕ ਵਿਚ ਆਣ ਜੁੜੇ । ਛਾਹ ਵੇਲਾ ਸੀ । ਮੈਨੂੰ ਡਾਢੀ ਭੁਖ ਲਗੀ ਹੋਈ ਸੀ । ਮੈਂ ਮਲਕੜੇ ਜਿਹੇ ਖਿਸਕ ਗਿਆ, ਤੇ ਭਗਵਾਨ ਸਿੰਘ ਦੀ ਹੱਟੀ ਤੇ ਜਾ ਕੇ ਪਾਈਆ ਪੇੜਿਆਂ ਦੀ ਲੱਸੀ ਦਾ ਵਡਾ ਕੜੇ ਵਾਲਾ ਗਲਾਸ ਛਕਿਆ, ਤੇ ਆਣ ਕੇ ਫੇਰ ਸੋਗੀਆਂ ਵਿਚ ਬੈਠ ਗਿਆ ।' ਮੈਂ ਚੁਪ ਸੁਣਦਾ ਰਿਹਾ, ਸਿਰਫ ਹੁੰਘਾਰਾ ਦੇ ਰਿਹਾ ਸਾਂ । ਉਹ ਬੋਲੇ, 'ਇਕ ਵਾਰ ਜਦੋਂ ਮੇਰਾ ਬਾਹਰਵਾਂ ਬੱਚਾ ਮਰਿਆ, ਤਾਂ ਮੇਰੇ ਕੋਲ ਕਫਨ ਜੋਗਾ ਡਬੱਲ ਪੈਸਾ ਵੀ ਨਹੀਂ ਸੀ । ਮੈਂ ਨਿਰਾਸ਼ ਹੋ ਕੇ ਇਕ ਜੰਗਲ ਵਿਚ ਚਲਾ ਗਿਆ ਤੇ ਸੋਚਿਆ, ਅਜ ਮਰ ਹੀ ਜਾਣਾ ਹੈ । ਜੰਗਲ ਵਿਚ ਚੌਕੜੀ ਮਾਰ ਕੇ ਬਹਿ ਗਿਆ । ਸਾਹਮਣੇ ਦੂਰ ਕੋਈ ਸ਼ੈ ਤੇਜ਼ ਚਿੱਟੀ ਚਮਕਦੀ ਲਿਸ਼ਕਾਂ ਮਾਰਦੀ ਦਿਸਦੀ ਸੀ । ਮੈਂ ਸਿਰ ਝੁਕਾ ਲਿਆ । ਪਰ ਫੇਰ ਦੇਖਿਆ, ਉਹ ਸੂਰਜ ਵਾਂਗ ਚਮਕਦੀ ਚੀਜ਼ ਮੇਰੀਆਂ ਅੱਖਾਂ ਚੁੰਧਿਆ ਰਹੀ ਸੀ । ਮੈਂ ਬੇਹੱਦ ਜਤਨ ਕੀਤਾ ਕਿ ਉਸ ਵਲੋਂ ਖਿਆਲ ਹਟੇ ਤੇ ਮੈਂ ਖੁਦਕਸ਼ੀ ਕਰਨ ਦਾ ਕੋਈ ਢੰਗ ਸੋਚਾਂ । ਪਰ ਉਹ ਚਮਕਦੀ ਚੀਜ਼ ਸਿੱਧੀ ਮੱਥੇ ਵਿਚ ਵੱਜਦੀ ਸੀ । ਮੈਂ ਉਠਿਆ, ਉਸ ਵਲ ਵਧਿਆ । ਹੋਰ ਨੇੜੇ ਗਿਆ । ਫੇਰ ਹੋਰ । ਐਨ ਕੋਲ ਜਾ ਕੇ ਦੇਖਿਆ, ਚਿੱਟਾ ਚਾਂਦੀ ਦਾ ਇਕ ਰੁਪਿਆ ਸੂਰਜ ਦੀ ਧੁੱਪ ਵਿਚ ਚਮਕ ਰਿਹਾ ਸੀ । ਮੈਂ ਉਹ ਚੁਕ ਲਿਆ । ਹੈਰਾਨੀ ਦੀ ਹਾਲਤ ਵਿਚ ਮੈਂ ਘਰ ਵਲ ਭੁਤ ਪਿਆ ਤੇ ਕਾਹਲੀ ਕਾਹਲੀ ਘਰ ਪੁਜਾ । ਇਸ ਰੁਪਏ ਨਾਲ ਮੈਂ ਆਪਣੇ ਬੱਚੇ ਦਾ ਕਫਨ ਦਫਨ ਕੀਤਾ ।'

ਅਜ ਉਸਤਾਦ ਮਿਲਖੀ ਰਾਮ ਸਾਡੇ ਵਿਚ ਨਹੀਂ ਰਹੇ । ਉਹਨਾਂ ਦੇ ਲਿਖੇ ਸੈਂਕੜੇ ਕਿੱਸੇ ਵੀ ਪੁਸਤਕਾਂ ਦੀਆਂ ਦੁਕਾਨਾਂ ਤੋਂ ਨਹੀਂ ਲਭਦੇ । ਪਰ ਇਕ ਸਮਾਂ ਸੀ, ਜਦੋਂ ਉਸਤਾਦ ਮਿਲਖੀ ਰਾਮ ਹਰ ਧੜਕਦੇ ਦਿਲ ਵਿਚ ਬਿਰਾਜਦੇ ਸਨ ! ਉਹਨਾਂ ਦਾ ਨਾਂ ਪੰਜਾਬੀ ਕਿੱਸਾ ਸਾਹਿਤ ਵਿਚ ਸਦਾ ਯਾਦ ਕੀਤਾ ਜਾਂਦਾ ਰਹੇਗਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿੰਨ ਪੱਤਣਾਂ ਦਾ ਤਾਰੂ

ਮੋਢੇ 'ਤੇ ਬੰਦੂਕ, ਗਲ ਵਿਚ ਕਾਰਤੂਸਾਂ ਦਾ ਝੋਲਾ। ਮਡਾਸਾ ਬੰਨ੍ਹੀ ਹਜ਼ਾਰਾ ਸਿੰਘ ਡਾਕੂ ਜਾਪਦਾ ਸੀ।

ਕਿਰਪਾਨ ਦੇ ਮੁੱਠੇ ਉਤੇ ਦੋਂਹ ਹੱਥਾਂ ਦਾ ਭਾਰ ਦਿੰਦਿਆਂ ਕੋਲਿਆਂ ਵਾਲੇ ਮਲਾਵੇ ਨੇ ਕਿਹਾ—"ਵਈ ਅੱਜ ਇਹ ਨਾ ਹੁੰਦਾ, ਤਾਂ ਖਾਨ ਨਾ ਜਾਂਦੇ। ਪਿਆਊ ਦੀ ਓਟ 'ਚੋਂ ਐਸਾ ਨਿਸ਼ਾਨਾ ਸਿੰਨ੍ਹਿਆ, ਮੁਸਲਾ ਆਲੂਆਂ ਦੀ ਬੋਰੀ ਆਂਗੂੰ ਥੱਲੇ ਆ ਪਿਆ।"

ਹਜ਼ਾਰਾ ਸਿੰਘ ਨੇ ਠਾਠਾ ਖੋਲ੍ਹ ਦਿਤਾ। ਉਸ ਦੀਆਂ ਕੰਡੇਰਨੇ ਵਰਗੀਆਂ ਮੁੱਛਾਂ ਉਹਦੇ ਕੰਨਾਂ ਨੂੰ ਛੂਹਣ ਲੱਗੀਆਂ।

1947 ਜੁਲਾਈ ਦਾ ਮਹੀਨਾ ਸੀ। ਦਿੱਲੀ ਵਿਚ ਫ਼ਿਰਕੂ ਫ਼ਸਾਦ ਭੜਕ ਪਏ। ਬਜ਼ਾਰਾਂ ਤੇ ਮਹੱਲਿਆਂ ਵਿਚ ਗ਼ੈਰ ਮੁਸਲਿਮ ਹਥਿਆਰਬੰਦ ਫ਼ਸਾਦੀ ਘੁੰਮਦੇ, ਘਰ ਤੇ ਦੁਕਾਨਾਂ ਲੁੱਟਦੇ।

ਦਿੱਲੀ ਦੇ ਪਹਾੜ ਗੰਜ ਵਿਚ ਕਈ ਅਮੀਰ ਮੁਸਲਮਾਨਾਂ ਦੇ ਘਰ ਸਨ। ਇਹਨਾਂ ਵਿਚ ਦੋ-ਮੰਜ਼ਲੇ ਇਕ ਮਕਾਨ ਨੂੰ ਮੁਸਲਮ ਲੀਗੀ ਰਜ਼ਾਕਾਰਾਂ ਨੇ ਮੋਰਚਾ ਬਣਾਇਆ ਹੋਇਆ ਸੀ। ਗੋਲੀ ਚਲ ਰਹੀ ਸੀ।

ਮਕਾਨ ਦੇ ਦੂਜੇ ਪਾਸੇ ਢੋਲ ਤੇ ਕਨਸਤਰ ਵਜਾਏ ਗਏ। ਜਿਸ ਨਾਲ ਗੋਲੀ ਚਲਾਉਣ ਵਾਲੇ ਰਜ਼ਾਕਾਰਾਂ ਦਾ ਧਿਆਨ ਉਧਰ ਹੋ ਗਿਆ।

ਹਜ਼ਾਰਾ ਸਿੰਘ ਛੁਪਦਾ ਹੋਇਆ ਮਕਾਨ ਦੀ ਪਿੱਛਲੀ ਕੰਧ ਕੋਲ ਜਾ ਕੇ ਪਿਆਊ ਦੀ ਓਟ ਵਿਚ ਹੋ ਗਿਆ, ਤੇ ਗੋਲੀ ਦਾਗ਼ ਦਿਤੀ।

ਗੜ੍ਹ ਟੁਟ ਗਿਆ।

ਮੈਂ ਹਜ਼ਾਰਾ ਸਿੰਘ ਨੂੰ ਉਸ ਦਿਨ ਪਹਿਲੀ ਵਾਰ ਨੇੜੇ ਹੋ ਕੇ ਦੇਖਿਆ ਸੀ।

* * *

ਹਜ਼ਾਰਾ ਸਿੰਘ ਗੁਰਦਾਸਪੁਰੀ ਦਾ ਜਨਮ 1911 ਵਿਚ ਗੁਰਦਾਸਪੁਰ ਨੇੜੇ ਪਿੰਡ ਨੰਗਲ ਕੋਟਲੀ ਵਿਚ ਹੋਇਆ। ਵੀਹ ਸਾਲ ਦੀ ਉਮਰ ਵਿਚ ਹੀ ਉਸ ਨੇ ਅੰਗਰੇਜ਼ੀ ਸਰਕਾਰ ਨੂੰ ਦੇਸ਼ ਵਿਚੋਂ ਕੱਢਣ ਲਈ ਇਨਕਲਾਬੀ ਪਾਰਟੀ ਬਣਾਈ। ਬਗ਼ਾਵਤ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਆਰੀ ਦੇ ਦੌਰਾਨ ਇਕ ਮੁਖ਼ਬਰ ਨੇ ਪੋਲੀਸ ਨੂੰ ਸੂਹ ਦੇ ਦਿਤੀ। 19 ਬੰਦੇ ਫੜੇ ਗਏ। ਤਾਜ਼ੀਰਾਤੇ ਹਿੰਦ ਦੀ ਧਾਰਾ 121-ਏ (ਬਾਦਸ਼ਾਹ ਦੇ ਵਿਰੁਧ ਜੰਗ ਕਰਨ ਦੀ ਤਿਆਰੀ) ਦੇ ਅਧੀਨ 1932 ਵਿਚ ਉਸ ਨੂੰ ਤੇਰਾਂ ਸਾਲ ਦੀ ਕੈਦ ਹੋ ਗਈ।

ਜੇਲ੍ਹ ਵਿਚ ਉਸ ਨੂੰ ਬਾਬਾ ਗੁਰਮੁਖ ਸਿੰਘ ਜਿਹੇ ਦੇਸ਼ ਭਗਤ ਤੋਂ ਇਲਾਵਾ ਟੀਕਾ ਰਾਮ ਸੁਖਨ, ਧਨਵੰਤਰੀ, ਚੌਧਰੀ ਸ਼ੇਰ ਜੰਗ ਦਾ ਸਾਥ ਮਿਲਿਆ। ਬੱਬਰ ਵੀ ਇਸੇ ਮੁਲਤਾਨ ਜੇਲ੍ਹ ਵਿਚ ਸਨ।

ਹਜ਼ਾਰਾ ਸਿੰਘ ਨੇ ਟੀਕਾ ਰਾਮ ਸੁਖਨ ਕੋਲੋਂ ਅੰਗਰੇਜ਼ੀ ਪੜ੍ਹੀ। ਇੰਦਰਪਾਲ ਤੇ ਚੌਧਰੀ ਸ਼ੇਰ ਜੰਗ ਕੋਲੋਂ ਉਰਦੂ ਫ਼ਾਰਸੀ।

ਸਾਢੇ ਸੱਤ ਵਰ੍ਹਿਆਂ ਬਾਅਦ ਉਹ 1938 ਵਿਚ ਰਿਹਾ ਹੋ ਗਿਆ। ਰਿਹਾਈ ਤੋਂ ਉਪ੍ਰੰਤ ਉਸ ਨੇ ਕਵੀ ਦਰਬਾਰਾਂ ਨੂੰ ਰੋਜ਼ਗਾਰ ਵਜੋਂ ਅਪਨਾ ਲਿਆ।

ਗੁਰਦਾਸਪੁਰ ਵਿਚ 1938-39 ਦੀ ਵਿਸਾਖੀ ਤੇ ਇਕ ਕਵੀ ਦਰਬਾਰ ਹੋਇਆ। ਇਸ ਦੀ ਪ੍ਰਧਾਨਗੀ ਸ: ਕਿਰਪਾਲ ਸਿੰਘ ਮਜੀਠਾ ਕਰ ਰਹੇ ਸਨ। ਹਜ਼ਾਰਾ ਸਿੰਘ ਨੇ ਇਥੇ ਰਾਜਾ ਸੂਰਤ ਸਿੰਘ ਮਜੀਠੇ ਦੀ ਵਾਰ ਸੁਣਾਈ। ਖੜਕਵੀਂ ਤੇ ਸ਼ਿੱਦਤ ਭਰੀ ਸ਼ਬਦਾਵਲੀ, ਪ੍ਰਭਾਵਸ਼ਾਲੀ ਅੱਤਕਥਨੀ, ਫੜਕੀਲੇ ਅਲੰਕਾਰ। ਸਰੋਤਿਆਂ ਦੇ ਡੌਲੇ ਫਰਕ ਪਏ—ਤਲਵਾਰਾਂ ਚੱਲੀਆਂ, ਢਾਲਾਂ ਖੜਕੀਆਂ। ਤੀਰਾਂ ਦੀ ਸ਼ਾਂ ਸ਼ਾਂ ਸੁਣਨ ਲੱਗੀ। ਜਾਪਦਾ ਸੀ, ਹਜ਼ਾਰਾ ਸਿੰਘ ਅੱਖੀਂ ਡਿੱਠਾ ਹਾਲ ਸੁਣਾ ਰਿਹਾ ਹੈ। ਉਸ ਦੇ ਮੂੰਹ ਉਪਰ ਸਿੰਘ ਸੂਰਮਿਆਂ ਦੀ ਰੱਤ ਝਲਕਦੀ ਸੀ।

ਉਸ ਦਿਨ ਉਹ ਸੂਰਜ ਵਾਂਗ ਨਮੂਦਾਰ ਹੋਇਆ, ਤੇ ਹਜ਼ਾਰਾ ਸਿੰਘ ਨਾਲ "ਗੁਰਦਾਸਪੁਰੀ" ਸ਼ਬਦ ਹਮੇਸ਼ਾ ਲਈ ਜੁੜ ਗਿਆ।

* * *

ਹਜ਼ਾਰਾ ਸਿੰਘ ਗੁਰਦਾਸਪੁਰੀ ਬਹੁਤ ਬੋਲਦਾ। ਟਿੱਚਰਾਂ ਤੇ ਜੁਗਤਾਂ ਉਸ ਦੇ ਹਥਿਆਰ ਸਨ। ਵਿਅੰਗ ਵਿਚ ਬੁਝੇ ਹੋਏ ਫਿਕਰੇ, ਤੇ ਇਤਿਹਾਸਕ ਉਦਾਹਰਣਾਂ ਨਾਲ ਉਹ ਆਪਣੇ "ਸ਼ਿਕਾਰ" ਨੂੰ ਬੇਬਸ ਕਰਦਾ। ਉਸ ਦੀ ਜੀਭ ਉਪਰ ਸਰਸਵਤੀ ਦਾ ਵਾਸ ਸੀ।

ਮਾਨ ਸਿੰਘ ਭੌਰ ਮਹਾਰਾਜਾ ਰਣਜੀਤ ਸਿੰਘ ਬਾਰੇ ਗੱਲਾਂ ਕਰ ਰਿਹਾ ਸੀ।

"ਮਹਾਰਾਜੇ ਕੋਲ ਦੌਲਤ ਦਾ ਕੋਈ ਅੰਤ ਨਹੀਂ ਸੀ। ਮੁਲਤਾਨ ਦੀ ਲੁੱਟ ਦੇ ਢੇਰ ਉਸ ਕੋਲ ਸੀ, ਤੇ ਸੰਸਾਰ ਦਾ ਸਭ ਤੋਂ ਵੱਡਾ ਹੀਰਾ ਕੋਹਨੂਰ ਵੀ ਉਸ ਕੋਲ ਸੀ...।"

ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਵਿਚੋਂ ਹੀ ਟੋਕਿਆ—"ਸੁਆਹ ਤੇ ਮਿੱਟੀ ਸੀ ਉਸ ਕੋਲ! ਉਹ ਸਾਰੀ ਉਮਰ ਜੁਆਨੀ ਦਾ ਡੇਲਾ ਤਾਂ ਪੁਆ ਨਾ ਸਕਿਆ।"

ਜਣਾ ਖਣਾ ਕਵੀ ਉਹਦੇ ਨੱਕ ਹੇਠ ਨਹੀਂ ਸੀ ਆਉਂਦਾ।

ਕਵੀ ਦਰਬਾਰ ਵਿਚ ਇਕ ਕਵੀ ਕਵਿਤਾ ਸੁਣਾਉਂਦਾ ਜ਼ੋਰ ਜ਼ੋਰ ਨਾਲ ਹੱਥ ਪੈਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰ ਰਿਹਾ ਸੀ। ਗੁਰਦਾਸਪੁਰੀ ਉਸ ਨੂੰ ਦੇਖ ਕੇ ਕਹਿਣ ਲੱਗਾ—''ਅਸ਼ਟਾਮ ਦਾ ਕਾਗਜ਼ ਲਿਆਉ।''

''ਕਾਹਦੇ ਲਈ ?'' ਕਿਸੇ ਨੇ ਪੁੱਛਿਆ।

''ਮੈਂ ਅਸ਼ਟਾਮ ਲਿਖ ਕੇ ਦੇਣ ਨੂੰ ਤਿਆਰ ਹਾਂ, ਕਿ ਇਹ ਬੰਦਾ ਕਦੇ ਕਵੀ ਨਹੀਂ ਬਣ ਸਕਦਾ।''

ਗੁਰਦਾਸਖੁਰੀ ਹਾਸੇ ਤੇ ਕਟਾਖ਼ਸ਼ ਦੀ ਜਿੰਨੀ ਦੌਲਤ ਲੁਟਾਉਂਦਾ, ਜੇ ਸਾਂਭ ਕੇ ਰਖਦਾ, ਤਾਂ ਸੈਂਕੜੇ ਪੁਸਤਕਾਂ ਦਾ ਅੰਬਾਰ ਲੱਗ ਜਾਂਦਾ।

ਇਕ ਦਿਨ ਬੜੀ ਸੰਜੀਦਗੀ ਨਾਲ ਕਹਿਣ ਲੱਗਾ—''ਮੈਂ ਪੰਜਾਬੀ ਆਲੋਚਕਾਂ ਦੀ ਰੋਟੀ ਕਰਨੀ ਏਂ।''

ਮੈਂ ਹੈਰਾਨੀ ਨਾਲ ਪੁੱਛਿਆ—''ਕਿਉਂ ? ਕਾਹਦੇ ਲਈ ?''

''ਭਾਵੇਂ ਕੁਛ ਵੀ ਹੋ ਜਾਏ, ਰੋਟੀ ਜ਼ਰੂਰ ਕਰਨੀ ਚਾਹੀਦੀ ਏ।'' ਉਹ ਆਪਣੇ ਇਰਾਦੇ 'ਤੇ ਦ੍ਰਿੜ੍ਹ ਜਾਪਦਾ ਸੀ।

ਮੈਂ ਫੇਰ ਕਿਹਾ—''ਪਰ ਕੀ ਲੋੜ ਪੈ ਗਈ ਤੈਨੂੰ ?''

''ਕੁਛ ਨਹੀਂ। ਖਾਣੇ ਵਿਚ ਕੁਚਲੇ ਪਾ ਦੇਣੇ ਆਂ, ਇਕੋ ਵਾਰੀ ਸਾਰੇ ਗਲੋਂ ਲਹਿ ਜਾਣਗੇ। ਪੰਜਾਬੀ ਦੀ ਬੜੀ ਵੱਡੀ ਸੇਵਾ ਏ।''

* * *

ਹਜ਼ਾਰਾ ਸਿੰਘ ਗੁਰਦਾਸਪੁਰੀ ''ਅਸਹਿਮਤ ਆਦਮੀ'' ਸੀ।

ਕਿਸੇ ਨੇ ਕੋਈ ਗੱਲ ਕੀਤੀ, ਤਾਂ ਹਜ਼ਾਰਾ ਸਿੰਘ ਉਸ ਦਾ ਸਖਤ ਵਿਰੋਧ ਕਰਦਾ। ਸਾਹਿਤ, ਇਤਿਹਾਸ, ਦਰਸ਼ਨ, ਵਿਗਿਆਨ, ਮਨੋਵਿਗਿਆਨ, ਸਥਾਨਕ ਤੇ ਅਸਥਾਨਕ ਦਲੀਲਾਂ ਜੁਟਾ ਕੇ ਅੰਤ ਵਿਚ ਉਸ ਗੱਲ ਨੂੰ ਝੂਠੀ ਅਤੇ ਤੁੱਛ ਸਾਬਤ ਕਰ ਵਿਖਾਉਂਦਾ। ਦੂਸਰੇ ਦਿਨ ਉਸੇ ਗੱਲ ਨੂੰ ਉਦਾਹਰਣਾਂ ਤੇ ਆਪਣੀ ਚਰਬ ਜ਼ਬਾਨੀ ਸਦਕਾ ਠੀਕ ਅਤੇ ਪ੍ਰਭਾਵਸ਼ਾਲੀ ਸਿੱਧ ਕਰ ਦਿੰਦਾ।

ਕਾਫ਼ੀ ਹਾਊਸ ਵਿਚ ਉਹ ਕੱਲਾ ਬੈਠਾ ਸੀ। ਉਦਾਸ। ਮੈਂ ਪੁਛਿਆ—''ਅੱਜ ਇਕੱਲਾ ਈ ਬੈਠੈਂ ?''

''ਨਹੀਂ ! ਮੇਰੇ ਕੋਲ ਤਾਂ ਬਹੁਤ ਸਾਰੇ ਲੋਕ ਬੈਠੇ ਆ। ਸਾਜ਼ਸ਼ ਕੇਸ ਦੇ ਸਾਥੀ, ਸਾਡੇ ਮੁਖਬਰ, ਵਕੀਲ, ਥਾਣੇਦਾਰ, ਜੇਲਰ, ਕੈਦੀ, ਕਵੀ, ਪ੍ਰਧਾਨ। ਆਹ ਦੇਖ ਰਾਵੀ ਮੇਰੇ ਪੈਰਾਂ ਵਿਚ ਵੱਗਦੀ, ਕੂਲਾ ਕੂਲਾ ਪਾਣੀ।''

ਮੈਂ ਉਸ ਨੂੰ ਡਿਸਟਰਬ ਨਾ ਕੀਤਾ।

''ਪਾਣੀ ਬੜਾ ਪਿਆਰਾ, ਕੁਲਾਵਾ ਭਰ ਲਵਾਂ, ਵੱਛੇ ਵਰਗਾ ਮਾਸੂਮ, ਬੋਲਦਾ ਨਹੀਂ, ਮਹਿਸੂਸ ਕਰਦਾ ਹੈ, ਜੱਫੀ ਵਿਚੋਂ ਵਗ ਜਾਂਦੈ...।''

ਉਸ ਦੀ ਦਾੜ੍ਹੀ ਦੀ ਨਿੱਕੀ ਜਿਹੀ ਗੁੱਛੀ ਠੋਡੀ ਉਤੋਂ ਬਾਹਰ ਡਿੱਗ ਰਹੀ ਸੀ।

ਕਾਫ਼ੀ ਹਾਊਸ ਦੇ ਫ਼ਰਸ਼ ਉਪਰ ਉਸ ਨੂੰ ਬੀਤੇ ਦੀ ਲੀਲ੍ਹਾ ਦੇ ਪਾਤਰ ਤੁਰਦੇ ਥਿਰਕਦੇ ਦਿਸ ਰਹੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪੂਰੇ ਅੱਠ ਸਾਲ ਜੇਲ੍ਹ ਕੱਟੀ...ਮੁਕਲਾਵਾ ਆਇਆ, ਉਸੇ ਦਿਨ ਫੜਿਆ ਗਿਆ...ਪਿੱਛੋਂ ਮਾਂ ਚਲਾਣਾ ਕਰ ਗਈ, ਬਾਪੂ ਵੀ ਚਲਾ ਗਿਆ...ਜਦੋਂ ਤਰਕਾਲਾਂ ਨੂੰ ਪੰਛੀ ਮੁੜਦੇ ਨੇ, ਮੇਰੀ ਇਕੱਲ ਨੂੰ ਹੋਰ ਉਦਾਸ ਕਰਦੇ ਨੇ...ਮੇਰਾ ਘਰ ਕਿੱਥੇ ਹੈ...?"

ਉਹ ਦਿਲ ਚੀਰਵੀਂ ਲਿਲ੍ਹਕ ਨਾਲ ਹੌਲੀ ਹੌਲੀ ਗਾਉਣ ਲੱਗਾ :—

"ਕਦੀ ਕਦੀ ਬੜਾ ਮੈਂ ਉਦਾਸ ਹੁੰਦਾ ਹਾਂ,
ਸ਼ਾਮਾਂ ਨੂੰ ਜਦੋਂ ਪੰਛੀਆਂ ਦੀ ਪਾਲ ਲੰਘ ਜਾਵੇ।"

ਕਾਫ਼ੀ ਤੇ ਪਕੌੜੇ ਆ ਗਏ।

ਮੈਂ ਗੁਰਦਾਸਪੁਰੀ ਅੱਗੇ ਪਕੌੜਿਆਂ ਦੀ ਪਲੇਟ ਰੱਖੀ। "ਲੈ, ਖਾ ਲੈ।"

"ਮੈਂ ਨਹੀਂ ਖਾਣੇ।" ਉਸ ਨੇ ਇਨਕਾਰ ਕੀਤਾ।

"ਖਾ ਲੈ। ਖਾਣੇ ਕਿਉਂ ਨਹੀਂ?" ਮੈਂ ਜ਼ੋਰ ਦਿਤਾ।

"ਬਿਲਕੁਲ ਨਹੀਂ ਖਾਣੇ। ਸ਼ਾਮ ਨੂੰ ਮੈਂ ਇਕ ਪਾ ਵਧੀਆ ਵਿਸਕੀ ਪੀਣੀ ਏਂ। ਇਹ ਸਾਲਾ ਇਕ ਪਕੌੜਾ ਅੱਧ ਪਾ ਸ਼ਰਾਬ ਚੂਸ ਜਾਂਦੈ। ਮੈਂ ਨਹੀਂ ਖਾਣੇ ਪਕੌੜੇ।"

ਹਜ਼ਾਰਾ ਸਿੰਘ ਗੁਰਦਾਸਪੁਰੀ ਕਾਵਿ-ਰਚਨਾ ਵਿਚ ਬਹਿਰ ਤੇ ਵਜ਼ਨ ਦੀ ਪਾਬੰਦੀ ਦਾ ਬਹੁਤਾ ਖ਼ਿਆਲ ਨਹੀਂ ਸੀ ਰਖਦਾ :

ਪਰਛਾਵੇਂ ਲੰਮੇ ਹੋ ਗਏ ਤੇਰੀ ਦੀਵਾਰ ਦੇ ਨੇ
ਵੇਖ ਕਿੱਦਾ ਆਸ਼ਕ ਉਮਰਾਂ ਗੁਜ਼ਾਰਦੇ ਨੇ

ਜਿੱਧਰ ਨਜ਼ਰ ਤੂੰ ਮਾਰੇਂ ਕਬਰਾਂ ਹੀ ਕਬਰਾਂ ਦਿੱਸਣ
ਇਹ ਮੋਏ ਹੋਏ ਬੰਦੇ ਤੇਰੇ ਇੰਤਜ਼ਾਰ ਦੇ ਨੇ

ਨਦੀਆਂ, ਤੇ ਔਰਤਾਂ ਵਿਚ ਕੋਈ ਫਰਕ ਨਹੀਂ ਬਹੁਤਾ
ਵਗਦੇ ਪਾਣੀ ਸਾਰੇ ਇਕੋ ਨੁਹਾਰ ਦੇ ਨੇ।

ਉਪ੍ਰੋਕਤ ਇਕੋ ਗ਼ਜ਼ਲ ਦੇ ਸ਼ਿਅਰਾਂ ਵਿਚ ਫਰਕ ਹੈ। ਪਰ ਵਿਚਾਰ ਤੇ ਭਾਸ਼ਾ ਬੜੀ ਪਿਆਰੀ।

ਇਕ ਕਵੀ ਦਰਬਾਰ ਹੋ ਰਿਹਾ ਸੀ। ਪਹਿਲਾ ਇਨਾਮ ਪੰਜ ਸੌ ਰੁਪਏ ਦਾ ਸੀ। ਦੋ ਤਿੰਨ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ, ਤੇ ਖੂਬ ਦਾਦ ਲਈ।

ਗੁਰਦਾਸਪੁਰੀ ਦੀ ਵਾਰੀ ਆਈ। ਸਟੇਜ 'ਤੇ ਚੜ੍ਹ ਕੇ ਕਹਿਣ ਲੱਗਾ—"ਕਵਿਤਾ ਸੁਣਾਉਣ ਤੋਂ ਪਹਿਲਾਂ ਮੈਂ ਜੱਜ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਹਰ ਕਵੀ ਦੀ ਕਵਿਤਾ ਬਾਰੇ ਇਸ ਗੱਲ ਦਾ ਧਿਆਨ ਰੱਖਣ, ਕਿ ਕਵੀ ਨੇ ਕਿਹੜਾ ਛੰਦ ਵਰਤਿਆ ਹੈ। ਛੰਦ ਸ਼ੁਧ ਹੈ ਜਾਂ ਅਸ਼ੁਧ ਹੈ। ਕੀ ਛੰਦ ਵਿਸ਼ੇ ਦੇ ਅਨੁਕੂਲ ਹੈ। ਛੰਦ ਗਣਕ ਹੈ, ਜਾਂ ਮਾਤ੍ਰਿਕ ਹੈ। ਮਜ਼ਮੂਨ ਦਾ ਆਦਿ, ਮਧ, ਤੇ ਅੰਤ ਠੀਕ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਪ੍ਰਭਾਵ ਸਾਰਥਕ ਹੈ। ਕੀ ਇਤਿਹਾਸਕ ਹਵਾਲੇ ਢੁਕਵੇਂ ਤੇ ਵਿਗਿਆਨਕ ਹਨ ? ਇਨਾਮ ਦੇਣ ਵਾਲੇ ਜੱਜ ਸਾਹਿਬਾਨ ਕੋਲੋਂ ਅਜਿਹੇ ਸਵਾਲ ਅਸੀਂ ਕਵੀ ਪੁੱਛ ਸਕਦੇ ਹਾਂ—ਲਓ ਸੁਣੋ—ਮੈਂ ਚੌਪਈ ਛੰਦ ਵਰਤਿਆ ਹੈ। ਇਹ ਛੰਦ ਅੱਠ ਮਾਤਰਾਂ ਦਾ ਹੈ। ਦਬੱਈਆ ਸੋਲ੍ਹਾਂ ਮਾਤਰਾਂ ਦਾ ਹੁੰਦਾ ਹੈ। ਸੁਣੋ....।''

ਪਹਿਲਾ ਇਨਾਮ ਹਜ਼ਾਰਾ ਸਿੰਘ ਗੁਰਦਾਸਪੁਰੀ ਨੂੰ ਦਿਤਾ ਗਿਆ।

ਕਵੀ ਦਰਬਾਰ ਤੋਂ ਵਾਪਸ ਆਉਂਦਿਆਂ ਰਾਹ ਵਿਚ ਹਜ਼ਾਰਾ ਸਿੰਘ ਗੁਰਦਾਸਪੁਰੀ ਕਹਿਣ ਲੱਗਾ—''ਓਏ ਕਵਿਤਾ ਤਾਂ...ਦੀ ਚੰਗੀ ਸੀ, ਪਰ ਜੱਜ ਮੇਰੇ ਪਿੰਗਲ-ਗਿਆਨ ਤੋਂ ਡਰ ਗਏ !''

ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਵਾਰ-ਕਾਵਿ ਵਿਚ ਬੜੀ ਉੱਚੀ ਥਾਂ ਬਣਾਈ। 1938-39 ਵਿਚ ਜਦੋਂ ਉਸ ਨੇ ਵਾਰ ਲਿਖਣੀ ਆਰੰਭ ਕੀਤੀ, ਤਾਂ ਉਹਦੇ ਸਾਹਮਣੇ ਚੰਡੀ ਦੀ ਵਾਰ, ਤੇ ਨਾਦਰਸ਼ਾਹ ਦੀ ਵਾਰ (ਨਜਾਬਤ) ਦੇ ਅਮੁੱਲ ਨਮੂਨੇ ਸਨ। ਲਕਸ਼ਮੀ ਦੇਵੀ (ਕਿਰਪਾ ਸਾਗਰ) ਦੀ ਬ੍ਰਿਤਾਂਤਕ ਕਾਵਿ-ਰਚਨਾ ਵੀ ਸਾਹਮਣੇ ਸੀ।

ਇਹਨਾਂ ਵਾਰਾਂ ਵਿਚ ਲੰਮੇ ਚਿੱਤਰ-ਪਟ, ਢੁਕਵੀਂ ਤੇ ਠੁਕਵੀਂ ਭਾਸ਼ਾ ਤੋਂ ਇਲਾਵਾ ਉੱਚੇ ਸੁੱਚੇ ਕਾਵਿ-ਗੁਣ ਤੇ ਛੰਦ ਪ੍ਰਬੰਧ ਸੀ। ਪਰ ਇਹਨਾਂ ਵਾਰ-ਕਾਰਾਂ ਸਾਹਮਣੇ ਦਸ ਪੰਦਰਾਂ ਮਿੰਟਾਂ ਵਿਚ ਰਚਨਾ ਸੁਣਾ ਕੇ ਸਰੋਤੇ ਨੂੰ ਪ੍ਰਭਾਵਤ ਕਰਨ ਦੀ ਮਜਬੂਰੀ ਨਹੀਂ ਸੀ।

ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਸਟੇਜ ਉਤੇ ਕੁਝ ਪਲਾਂ ਵਿਚ ਹੀ ਯੁੱਧ ਦੀ ਪ੍ਰਿਸ਼ਟ-ਭੂਮੀ ਦੱਸ ਕੇ, ਯੁੱਧ ਲਈ ਉਤੇਜਨਾ, ਯੋਧਿਆਂ ਦੀ ਚੜ੍ਹਤ, ਅਣਖੀਲੀਆਂ ਰਵਾਇਤਾਂ ਦਾ ਵਰਨਣ, ਅਤੇ ਸਾਖਿਆਤ ਯੁੱਧ ਦਾ ਚਿਤਰਣ ਕਰ ਕੇ ਜਿੱਤ ਹਾਰ ਵੀ ਵਿਖਾਉਣੀ ਹੁੰਦੀ ਸੀ।

ਉਸ ਨੇ ਵਾਰ ਦਾ ਇਕਾਂਗੀ ਰੂਪ ਅਪਨਾਇਆ। ਇਹ ਬੜਾ ਕਠਨ ਕੰਮ ਸੀ। ਇਤਿਹਾਸ ਦੀ ਡੂੰਘੀ ਤੇ ਵਿਸਤ੍ਰਿਤ ਜਾਣਕਾਰੀ, ਭਾਸ਼ਾ ਦੀ ਸ਼ਿੱਦਤ, ਤੇ ਛੰਦ ਪ੍ਰਬੰਧ ਦੀ ਸੁਘੜਤਾ ਤੋਂ ਬਗ਼ੈਰ ਇਹ ਸਾਰਾ ਕੰਮ ਅਸੰਭਵ ਸੀ। ਖੁਸ਼ਕਿਸਮਤੀ ਨਾਲ ਇਹ ਸਾਰੇ ਗੁਣ ਉਸ ਵਿਚ ਮੌਜੂਦ ਸਨ।

''ਵਾਰ ਇਕ ਲੰਮਾ ਗੀਤ ਹੈ। ਲੋਕ-ਮੁਹਾਵਰੇ ਤੇ ਲੋਕ-ਮਨਾਂ ਦੀਆਂ ਪਰਵਾਣਤ ਤਥਾ ਟ੍ਰਡੀਸ਼ਨਲ ਪਰਵਿਕਸ਼ਨਜ਼, ਮਿਹਣੇ ਤੇ ਗ਼ੈਰਤ ਨੂੰ ਟੁੰਬਣ ਵਾਲੇ ਸ਼ਬਦ ਸਫਲ ਵਾਰ-ਕਾਰ ਦੇ ਢੁਕਵੇਂ ਹਥਿਆਰ ਹਨ।

ਜਦ ਰੌਲਾਂ, ਰੰਨਾਂ, ਮੁੰਡਿਆਂ ਗੰਢ ਲਏ ਯਰਾਨੇ
ਤਦ ਉਠਿਆ ਇਕ ਮਜੀਠੀਆ, ਹੱਥ ਬੱਧੇ ਗਾਨੇ

ਉਸ ਸਿਰ 'ਤੇ ਗੁਰੂ ਗ੍ਰੰਥ ਧਰ ਇਕ ਘੱਤੀ ਫੇਰੀ
ਉਸ ਗਾਹੀ ਕੁਲ ਰਿਆੜਕੀ ਧੁਰ ਔਲਖਬੇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹਾਂ ਅੱਖਾਂ ਲਹੂ-ਰੱਤੀਆਂ ਜਿਉਂ ਲੋਹੇ ਤਾਏ
ਉਨ੍ਹਾਂ ਮੁੱਛਾਂ ਗਜ਼ ਗਜ਼ ਲੰਮੀਆਂ ਸੌ ਸੌ ਵਲ ਪਾਏ
ਉਨ੍ਹਾਂ ਤੇਗਾਂ ਸਾਣੇਂ ਚਾਹੜੀਆਂ, ਬਰਛੇ ਚੰਡਵਾਏ
ਉਨ੍ਹਾਂ ਗੱਡੇ ਲੱਦ ਬਰੂਦ ਦੇ ਚੁਕ ਅੱਗੇ ਲਾਏ

ਉੱਤਰ ਲਿਖਿਆ ਲਾਟ ਨੇ, ਅਸੀਂ ਪੁੱਤ ਫ਼ਰੰਗੀ
ਅਸੀਂ ਤੋਪਾਂ ਦੇ ਵਿਚ ਉੱਸਰੇ ਮੁੱਢਾਂ ਦੇ ਜੰਗੀ
ਅਸੀਂ ਟੀਪੂ ਜਿਹੇ ਸੁਲਤਾਨ ਦੀ ਘੁਟ ਛੱਡੀ ਸੰਘੀ
ਅਸੀਂ ਘੋੜੀ ਮੁਗਲ ਪਠਾਣ ਦੀ ਕਲਕੱਤਿਉਂ ਵੰਗੀ

(ਰਾਜਾ ਸੂਰਤ ਸਿੰਘ ਮਜੀਠੇ ਦੀ ਵਾਰ)

ਉਹ ਥੰਮਾਂ ਵਰਗੇ ਸੂਰਮੇ ਨੇਂ ਹੱਥ ਉਚਾਈ
ਉਨ੍ਹਾਂ ਅੱਖਾਂ ਸੰਖਾਂ ਵਰਗੀਆਂ ਵਿਚ ਤੀਲੀ ਲਾਈ
ਉਨ੍ਹਾਂ ਮਣ ਮਣ ਲੋਹਾ ਕੁੱਟ ਕੇ ਗਲ ਵਰਦੀ ਪਾਈ
ਤਕ ਹਾਥੀ ਚੀਕਾਂ ਮਾਰਦੇ ਪਾ ਦੇਣ ਦੁਹਾਈ!

(ਰਾਣਾ ਪ੍ਰਤਾਪ ਦੀ ਵਾਰ)

ਉਹ ਕਲਮਾਂ ਪੜ੍ਹ ਕੇ ਨਬੀ ਦਾ ਬੰਨ੍ਹੇ ਸਿਰਵਾਹੀ
ਉਹ ਘੋੜਾ ਲਏ ਤਬੇਲਿਉਂ ਖਰਚਾ ਬਾਦਸ਼ਾਹੀ

ਗੁਰਬਖਸ਼ ਸਿੰਘ ਨਿਹੰਗ ਦਲਾਂ ਦਾ ਹੋਇਆ ਮੋਹਰੀ
ਉਨ ਸੁੱਖਾ ਛਕਿਆ ਕਹਿਰ ਦਾ ਭੰਗ ਪਾ ਕੇ ਬੋਰੀ
ਉਨ ਖੰਡਾ ਬੰਨ੍ਹਿਆ ਲੱਕ ਨੂੰ ਲਾ ਸਾਣੇਂ ਦੋਹਰੀ
ਉਨ ਬਰਛਾ ਫੜ ਲਿਆ ਧੜੀ ਦਾ ਜਿਹਦੀ ਲੰਮੀ ਪੋਰੀ

(ਗੁਰਬਖਸ਼ ਸਿੰਘ ਨਿਹੰਗ ਦੀ ਵਾਰ)

ਹਜ਼ਾਰਾ ਸਿੰਘ ਗੁਰਦਾਸਪੁਰੀ ਸੁਜਗ ਵਾਰ-ਕਾਰ ਹੈ। ਉਸ ਦੇ ਨਾਲ ਦੀ ਵਾਰ ਰਚਨਾ ਪੰਜਾਬੀ ਭਾਸ਼ਾ ਵਿਚ ਦੁਰਲਭ ਹੈ। ਜਿਥੇ ਉਹ ਸਿੱਖਾਂ ਦੀ, ਜਾਂ ਭਾਰਤੀ ਯੋਧਿਆਂ ਦੀ ਹੈਬਤ ਤੇ ਬਹਾਦਰੀ ਦੇ ਚਿਤਰਣ ਸਮੇਂ ਈਮਾਨਦਾਰੀ ਤੇ ਆਪਣੀ ਉੱਤਮ ਕਾਵਿ-ਸ਼ਕਤੀ ਦਾ ਪ੍ਰਯੋਗ ਕਰਦਾ ਹੈ, ਉਥੇ ਵਿਰੋਧੀ ਦਲਾਂ ਤੇ ਯੋਧਿਆ ਦੀ ਬੀਰਤਾ ਤੇ ਉਨ੍ਹਾਂ ਦੀ ਚੜ੍ਹਤ ਦਾ ਢਾਡੀ ਵੀ ਨਜ਼ਰ ਆਉਂਦਾ ਹੈ।

ਹਜ਼ਾਰਾ ਸਿੰਘ ਗੁਰਦਾਸਪੁਰੀ ਕੋਲ ਪੱਥਰ ਵਿਚ ਮੂਰਤੀ ਦੇ ਨਕਸ਼ ਨਿਗਾਰ ਦੇਖਣ ਵਾਲੀ ਅੱਖ ਹੈ। ਉਸ ਕੋਲ ਰੰਗਾਂ ਵਿਚ ਵਿਸਰਜਤ ਚਿਹਨ ਚੱਕਰਾਂ ਨੂੰ ਪਕੜਨ ਦੀ ਸੂਝ ਹੈ।

ਗੁਰਦਾਸਪੁਰੀ ਵਾਰ-ਕਾਰ, ਗੀਤਕਾਰ ਤੇ ਗ਼ਜ਼ਲ ਗੋ ਸ਼ਾਇਰ ਸੀ।

ਇਕ ਵਾਰ ਚਰਚਲ ਵਾਇਲਨ ਵਜਾ ਰਿਹਾ ਸੀ। ਉਸ ਦੇ ਇਕ ਦੋਸਤ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ—"ਵਾਹ ! ਇਕ ਮਹਾਨ ਰਾਜਨੀਤਕ ਕਦੇ ਕਦੇ ਵਾਇਲਨ ਨਾਲ ਵੀ ਦਿਲ ਪਰਚਾ ਲੈਂਦਾ ਹੈ।"

ਚਰਚਲ ਨੇ ਉੱਤਰ ਦਿਤਾ—"ਨਹੀਂ ! ਇਕ ਵੱਡਾ ਵਾਇਲਨਵਾਦਕ ਕਦੇ ਕਦੇ ਰਾਜਨੀਤੀ ਨਾਲ ਦਿਲ ਪਰਚਾਉਂਦਾ ਹੈ।"

ਹਜ਼ਾਰਾ ਸਿੰਘ ਗੁਰਦਾਸਪੁਰੀ ਬਾਰੇ ਫ਼ੈਸਲਾ ਕਰਨਾ ਮੁਸ਼ਕਲ ਹੈ ਕਿ ਉਹ ਵੱਡਾ ਵਾਰ-ਕਾਰ ਹੈ, ਵੱਡਾ ਗੀਤਕਾਰ ਹੈ ਜਾਂ ਵੱਡਾ ਗ਼ਜ਼ਲ ਗੋ। ਉਸ ਦੀ ਰਚਨਾ ਪੜ੍ਹਨ ਸਮੇਂ ਇਹ ਫ਼ੈਸਲਾ ਤਾਂ ਆਰੰਭ ਵਿਚ ਹੀ ਹੋ ਜਾਂਦਾ ਹੈ, ਕਿ ਉਹ ਵੱਡਾ ਕਵੀ ਸੀ।

ਵਾਰ ਦੇ ਨਾਟਕੀ ਗੁਣ, ਪਾਤਰ ਉਸਾਰੀ, ਸ਼ਬਦਾਵਲੀ, ਅਨੂਪਮ ਰੰਗਾ ਰੰਗੀ ਦੀ ਵਰਤੋਂ, ਕਾਵਿ-ਪੱਧਰ ਆਦਿ ਬਾਰੇ ਪੰਜਾਬੀ ਆਲੋਚਕ ਤੇ ਆਲੋਚਨਾ ਚੁੱਪ ਹੈ, ਇਸ ਦਾ ਕੀ ਕਾਰਨ ਹੈ ?

ਹਜ਼ਾਰਾ ਸਿੰਘ ਗੁਰਦਾਸਪੁਰੀ ਗੀਤ ਰਚਨਾ ਵਿਚ ਕੋਮਲ, ਰਸਕ ਤੇ ਤੀਬਰ ਅਨੁਭਵ ਦੇ ਵਿਲੱਖਣ ਕੋਣ 'ਤੇ ਖਲੋਤਾ ਦਿੱਸਦਾ ਹੈ :

ਕਾਹਨ ਤੇ ਰਾਧਾ ਨ੍ਹਾਵਣ ਚੱਲੇ
ਇਕ ਦਿਨ ਬੜੀ ਸਵੇਰੇ
ਗਿੱਟੇ ਗਿੱਟੇ ਪੌਣ ਰੁਮਕਦੀ
ਠੰਢੇ ਠੰਢੇ ਪਾ ਪਾ ਘੇਰੇ
ਸੌਲੇ ਸੌਲੇ ਚਾਨਣ ਦੇ ਵਿਚ
ਕਾਹਨ ਹੋਵੇ ਰਾਧਾ ਦੇ ਨੇੜੇ
ਰਾਧਾ ਨ੍ਹੌਣ ਪਾਣੀ ਵਿਚ ਉੱਤਰੀ
ਪਤਲਾ ਜਿਹਾ ਹਨੇਰਾ ਤੇੜੇ

ਕਾਹਨ ਜੀ, ਕੋਈ ਨਾ ਪੱਤਣ ਸੁੱਚੜਾ
ਮੈਂ ਕੌਣ ਕਰਾਂ ਪਰਵਾਨ
ਕਾਹਨ ਜੀ, ਰੁੱਤਾਂ ਤਾਂ ਭਿੱਜੀਆਂ ਵਾਸਨਾ
ਸਾਡਾ ਕਿਸ ਰੁੱਤੇ ਅਸ਼ਨਾਨ

ਹਜ਼ਾਰਾ ਸਿੰਘ ਗੁਰਦਾਸਪੁਰੀ ਦੀ ਗ਼ਜ਼ਲ-ਰਚਨਾ ਉਹਦੇ ਤੀਜੇ ਪੱਖ ਨੂੰ ਪੇਸ਼ ਕਰਦੀ ਹੈ।

ਪੰਜਾਬੀ ਗ਼ਜ਼ਲਕਾਰਾਂ ਵਿਚ ਸ਼ਿਅਰ ਨੂੰ ਜੀਵਨ ਦਾ ਹਿੱਸਾ ਬਣਾ ਦੇਣ ਦੀ ਪਰਬੀਨਤਾ ਅਲੱਭ ਹੈ। ਹਜ਼ਾਰਾ ਸਿੰਘ ਗੁਰਦਾਸਪੁਰੀ ਹੀ ਇਕ ਅਜਿਹਾ ਕਵੀ ਹੈ, ਜਿਸ ਦੇ ਸ਼ਿਅਰ ਦਲੀਲ ਦਾ ਅਸਥਾਨ ਗ੍ਰਹਿਣ ਕਰਦੇ ਹਨ :—

ਪਰਛਾਵੇਂ ਲੰਮੇ ਹੋ ਗਏ ਤੇਰੀ ਦੀਵਾਰ ਦੇ ਨੇ
ਵੇਖ ਕਿੱਦਾਂ ਆਸ਼ਕ ਉਮਰਾਂ ਗੁਜ਼ਾਰਦੇ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕੋ ਹੀ ਇਸ਼ਕ ਤੇਰਾ, ਓਹੋ ਈਮਾਨ ਮੇਰਾ
ਬਾਕੀ ਤਾਂ ਅੰਗ ਸਾਡੇ ਸਾਰੇ ਬਜ਼ਾਰ ਦੇ ਨੇ

ਮੈਂ ਬਹੁਤ ਅੱਗੇ ਜਾ ਕੇ ਪਿੱਛੇ ਪਰਤ ਆਉਂਦਾ ਹਾਂ
ਕੁਝ ਹੋਰ ਸਫ਼ਰ ਮੇਰਾ ਤੇਰੇ ਨਾਲ ਲੰਘ ਜਾਂਦੈ

ਹਰ ਆਦਮੀ ਦੇ ਅੰਦਰ ਅਨੇਕ ਬੰਦੇ ਜਾਗਣ
ਕਿਹਨੂੰ ਕਿਹਨੂੰ ਥਪਕੀ ਦੇ ਕੇ ਸੁਲਾਏ ਕੋਈ

ਉਹਦੀ ਕਬਰ ਦੇ ਕੋਲ ਨਹੀਂ ਰੋਣ ਦਿੰਦੇ
ਰਤਾ ਪਰ੍ਹੇ ਖਲੋ ਕੇ ਰੋ ਲਈਏ
ਵਗਦਾ ਪਿਆ ਹੈ ਸ਼ਹਿਰ, ਬਾਜ਼ਾਰ ਸਾਰਾ
ਬੂਹੇ ਆਪਣੇ ਢੋ ਕੇ ਰੋ ਲਈਏ

7783

ਮੁਰਦਾ ਆਸ਼ਕਾਂ ਦਾ ਕਿਹਨੇ ਦੱਬਣਾ ਏ
ਆਪਣੀ ਕਬਰ ਬਣਾ ਕੇ ਮਰ ਜਾਈਏ
ਆਪਣੀ ਆਪ ਫਿਰ ਕਬਰ ਬਣਾਈ ਉਤੇ
ਹੱਥੀਂ ਦੀਵਾ ਜਗਾ ਕੇ ਮਰ ਜਾਈਏ
ਸੁੱਤੀ ਪਈ ਏ ਨੂਰਜਹਾਨ ਸਾਡੀ
ਜਾਂਦੀ ਵਾਰ ਕੁਆ ਕੇ ਮਰ ਜਾਈਏ
ਜੇਕਰ ਮੰਨੇ, ਤਾਂ ਕੋਲ ਬਿਠਾਲ ਲਈਏ
ਫੇਰ ਕੋਲ ਬਹਾ ਕੇ ਮਰ ਜਾਈਏ

ਹਜ਼ਾਰਾ ਸਿੰਘ ਗੁਰਦਾਸਪੁਰੀ ਦੀ ਫਿਕਰੇਬਾਜ਼ੀ ਤੇ ਲਤੀਫ਼ੇ ਤਿੱਖੇ, ਕਟੀਲੇ ਹੁੰਦੇ ਸਨ। ਇਹ ਉਸ ਦੀ ਜ਼ਹਾਨਤ, ਗਿਆਨ ਤੇ ਰਸ਼ਕ ਸੁਭਾ ਦੇ ਸੂਚਕ ਹਨ।

ਗੁਰਦਾਸਪੁਰੀ ਦੀ ਗੀਤਾਂ ਦੀ ਪੁਸਤਕ ''ਮਿੱਟੀ ਰੋਈ'' ਛਪੀ। ਇਕ ਦਿਨ ਉਹਨੂੰ ਸੜਕ ਉਤੇ ਤੁਰੇ ਜਾਂਦੇ ਨੂੰ ਇਕ ਜਾਣਕਾਰ ਮਿਲ ਗਿਆ। ਉਸ ਨੇ ਗੁਰਦਾਸਪੁਰੀ ਦੇ ਹੱਥੋਂ ਕਿਤਾਬ ਲੈ ਲਈ, ਤੇ ਪੰਜਾਬੀ ਅੱਖਰ ਉਠਾਲਣ ਲੱਗਾ— ''ਮੰਮੇ ਨੂੰ ਸਿਆਰੀ, ਤੇ ਟੈਂਕੇ ਨੂੰ ਬਿਹਾਰੀ, ਰਾਰੇ ਨੂੰ ਹੋੜਾ...ਗੁਰਦਾਸਪੁਰੀ ਜੀ, ਹੁਣ ਤੁਸੀਂ ''ਮਿੱਠੀ ਰੋਟੀ'' ਲਿਖ ਮਾਰੀ?''

ਗੁਰਦਾਸਪੁਰੀ ਖਿਝ ਕੇ ਬੋਲਿਆ—''ਹਾਂ, ਲਿਖੀ ਤਾਂ ਹੈ, ਜੇ ਸਾਲੀਆਂ ਕੀੜੀਆਂ ਨਾ ਚੜ੍ਹ ਗਈਆਂ ਤਾਂ...।

1965 ਦੀ ਲੜਾਈ ਸਮੇਂ ਹਜ਼ਾਰਾ ਸਿੰਘ ਸ਼ਾਮ ਨੂੰ ਘਰ ਦੀ ਛੱਤ ਉਤੇ ਬੈਠਾ ਵਿਸਕੀ ਪੀ ਰਿਹਾ ਸੀ। ਠੰਢੀ ਹਵਾ, ਭੁੱਜਾ ਹੋਇਆ ਮੁਰਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਕਾਯਕ ਬੱਤੀਆਂ ਬੁਝ ਗਈਆਂ, ਤੇ ਸਾਇਰਨ ਵੱਜਣ ਲੱਗਾ ।

ਉਹਦੀ ਪਤਨੀ ਸਵਰਨ ਕੌਰ ਨੇ ਆਵਾਜ਼ ਦਿੱਤੀ—"ਜੀ ਥੱਲੇ ਆ ਜਾਓ, ਸਾਇਰਨ ਵੱਜਣ ਡਿਹਾ, ਪਾਕਿਸਤਾਨੀ ਵ੍ਹਾਈ ਜਹਾਜ ਆ ਗਏ ਆ ।"

ਗੁਰਦਾਸਪੁਰੀ ਨੇ ਚੌਥਾ ਪੈਗ ਪਾਇਆ । ਗਲਾਸ ਵਿਚ ਬਰਫ਼ ਦੀ ਡਲੀ ਸੁੱਟੀ—"ਹਵਾਈ ਜਹਾਜ਼ ਮੇਰਾ ਕੁਸ਼ ਨੀ ਵਗਾੜ ਸਕਦੇ । ਮੈਂ ਤਾਂ ਡੇਢ ਪਾ ਵਿਸਕੀ ਪੀ ਕੇ ਹਵਾਈ ਜਹਾਜ਼ਾਂ ਦੇ ਉਪਰੋਂ ਦੀ ਉੱਡ ਰਿਹਾਂ । ਤੂੰ ਐਵੇਂ ਨਾ ਫਿਕਰ ਕਰ ।"

* * *

ਬਿਸ਼ਨ ਸਿੰਘ ਉਪਾਸਕ ਜਿਸ ਮਕਾਨ ਵਿਚ ਰਹਿੰਦਾ ਸੀ, ਉਹ ਨਰਕ ਸੀ । ਕੋਲ ਮੱਝ ਦਾ ਗੋਹਾ, ਬੂਹੇ ਦੀ ਥਾਂ ਟਾਟ ।

ਗੁਰਦਾਸਪੁਰੀ ਨੇ ਦੇਖਿਆ, ਤਾਂ ਉਸ ਨੂੰ ਬੇਹਦ ਗੁੱਸਾ ਆਇਆ—"ਫੇਮਸ ਬਿਲਡਿੰਗ ਲਿਖੀ ਫਿਰਦੈ । ਕੋਈ ਚੱਜ ਦਾ ਕਮਰਾ ਕਿਰਾਏ 'ਤੇ ਨਹੀਂ ਲੈ ਸਕਦਾ ।" ਗੁਰਦਾਸਪੁਰੀ ਬੁੜਬੜਾਇਆ ।

ਗੁਰਦਾਸਪੁਰੀ ਮੋਤੀਆ ਖ਼ਾਨ ਦੇ ਜਿਸ ਘਰ ਵਿਚ ਰਹਿੰਦਾ ਸੀ, ਉਹਦਾ ਫ਼ਰਸ਼ ਬਰਸਾਤੀ ਨਾਲੇ ਦੇ ਪਾਣੀ ਨਾਲ ਫੁੱਲ ਜਾਂਦਾ ਸੀ ।

ਇਕ ਪ੍ਰਬੰਧਕ ਗੁਰਦਾਸਪੁਰੀ ਨੂੰ ਕਵੀ ਦਰਬਾਰ ਲਈ ਬੁੱਕ ਕਰਨ ਜਦੋਂ ਉਹਦੇ ਘਰ ਆਇਆ, ਤਾਂ ਫੁੱਲਿਆ ਹੋਇਆ ਫ਼ਰਸ਼ ਦੇਖ ਕੇ ਕਹਿਣ ਲੱਗਾ—"ਬੜੀ ਮਾਇਆ ਕਮਾਉਂਦੇ ਹੋ, ਕੋਈ ਚੰਗਾ ਜਿਹਾ ਘਰ ਹੀ ਬਣਾ ਲੈਣਾ ਸੀ ।"

ਉਸ ਦੀ ਹਮਦਰਦੀ ਦੇਖ ਕੇ ਹਜ਼ਾਰਾ ਸਿੰਘ ਗੁਰਦਾਸਪੁਰੀ ਦਾ ਖ਼ੂਨ ਖੌਲ ਪਿਆ ।

"ਤੈਨੂੰ ਪਤੈ, ਸਾਹਿਬ ਗੁਰੂ ਗੋਬਿੰਦ ਸਿੰਘ ਨੇ 52 ਕਵੀ ਰਖੇ ਹੋਏ ਸੀ, ਤੇ ਇਕ ਇਕ ਕਵੀ ਨੂੰ ਸਵਾ ਸਵਾ ਲੱਖ ਮੋਹਰਾਂ ਇਨਾਮ ਦਿੰਦੇ ਸਨ । ਇਸ ਤੋਂ ਇਲਾਵਾ ਹੋਰ ਵੀ ਮਾਇਆ ਤੇ ਦੋਸ਼ਾਲੇ ਆਦਿ ਕਵੀਆਂ ਨੂੰ ਦਿਆ ਕਰਦੇ ਸਨ । ਉਹਨਾਂ 52 ਕਵੀਆਂ ਵਿਚੋਂ ਕਿਸੇ ਦਾ ਕੋਈ ਘਰ, ਕੋਈ ਘਾਟ, ਕੋਈ ਹਵੇਲੀ, ਕੋਈ ਮਹਿਲ ਵਿਖਾਲ ? ਹੈ ਕਿਤੇ ? ਕਵੀ ਇਦਾਂ ਈ ਰਹਿੰਦੇ ਨੇ ।"

ਉਸ ਪ੍ਰਬੰਧਕ ਦੇ ਤਰਸ ਨੂੰ ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਮੈਲੀ ਕਮੀਜ਼ ਵਾਂਗ ਉਤਾਰ ਕੇ ਪਰ੍ਹਾਂ ਸੁੱਟ ਦਿੱਤਾ ।

ਗੁਰਦਾਸਪੁਰੀ ਉਸ ਦੇ ਕਵੀ ਦਰਬਾਰ ਤੇ ਨਹੀਂ ਗਿਆ ।

* * *

ਹਜ਼ਾਰਾ ਸਿੰਘ ਸ਼ਬਦਾਂ ਨਾਲ ਬਾਂਟਿਆਂ ਵਾਂਗ ਖੇਡਦਾ । ਉਹਨਾਂ ਨੂੰ ਰਿੜ੍ਹਦੇ, ਵਾਪਸ ਮੁੜਦੇ, ਖੁੱਤੀ ਵਿਚ ਪਿਲਦੇ ਦੇਖਦਾ । ਇਹਨਾਂ ਦੀ ਰੇੜ੍ਹ ਤੋਂ ਪੈਦਾ ਹੁੰਦੀ ਚਮਕ ਦਮਕ ਨੂੰ ਪਕੜਦਾ ,ਤੇ ਗੀਤਾਂ ਵਿਚ ਢਾਲ ਲੈਂਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦਾਂ ਦੀ ਚਮਕ, ਵਿਰੋਧੀ ਦਿਸ਼ਾਵਾਂ ਨਾਲ ਟਕਰਾਉਂਦੀ । ਗੁਰਦਾਸਪੁਰੀ ਇਸ ਕਰਾਮਾਤ ਦਾ ਆਨੰਦ ਮਾਣਦਾ ।

ਇਕ ਦਿਨ ਉਹ ਆਪਣੀ ਪ੍ਰੇਮਕਾ ਨਾਲ ਜਾ ਰਿਹਾ ਸੀ । ਰਾਹ ਵਿਚ ਉਹਦੇ ਇਕ ਵਾਕਿਫ਼ਕਾਰ ਨੇ ਦੇਖ ਲਿਆ ।

ਦੂਸਰੇ ਦਿਨ ਉਹ ਵਾਕਿਫ਼ਕਾਰ ਹਜ਼ਾਰਾ ਸਿੰਘ ਨੂੰ ਮਿਲਿਆ, ਤੇ ਕਹਿਣ ਲੱਗਾ—''ਗੁਰਦਾਸਪੁਰੀ ਜੀ, ਉਹ ਮਸ਼ੂਕ ਕਿਥੋਂ ਲਿਆਂਦੀ ਸੀ ?''

''ਕਿਹੜੀ ਮਸ਼ੂਕ ?'' ਗੁਰਦਾਸਪੁਰੀ ਜਾਣ ਬੁਝ ਕੇ ਭੋਲਾ ਬਣ ਗਿਆ ।

''ਉਹੋ, ਕਲ੍ਹ ਵਾਲੀ ।''

''ਕਿਹੜੀ ਕਲ੍ਹ ਵਾਲੀ ?''

''ਓਹ ਜਿਹੜੀ ਕਲ੍ਹ ਤੁਹਾਡੇ ਨਾਲ ਸੀ ।''

''ਅੱਛਾ । ਤੁਸੀਂ ਲੜਕੀ ਬਾਰੇ ਪੁਛਦੇ ਓ ?''

ਵਾਕਿਫ਼ ਬੰਦੇ ਦਾ ਤ੍ਰਾਹ ਨਿਕਲ ਗਿਆ ।

''ਹੈਂ ? ਲੜਕੀ ?''

''ਹਾਂ ! ਲੜਕੀ ।''

''ਅੱਛਾ ਜੀ, ਮਾਫ਼ ਕਰਨਾ ।'' ਉਹ ਸ਼ਰਮਿੰਦਾ ਹੋ ਕੇ ਖਿਸਕ ਗਿਆ ।

ਗੁਰਦਾਸਪੁਰੀ ਦਸਣ ਲਗਾ—''ਉਹ ਬੰਦਾ ਪਾਣੀ ਪਾਣੀ ਹੋ ਗਿਆ । ਉਹਨੂੰ ਕੀ ਪਤਾ, ਭਈ ਮੈਂ ਇਹਦਾ ਨਾਮ ''ਲੜਕੀ'' ਰਖਿਆ ਹੋਇਆ । ਇਹ ਕੋਈ ਰਿਸ਼ਤਾ ਨਹੀਂ ।''

ਇਹ ਕਹਿ ਕੇ ਉਸ ਨੇ ਜ਼ੋਰਦਾਰ ਠਹਾਕਾ ਮਾਰਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦਾਸ ਬੋਲਾਂ ਦੀ ਤਲਾਸ਼

ਸੁਰਿੰਦਰ ਕੌਰ ਕੇਲਾ ਨਹੀਂ ਖਾਂਦੀ।

ਮੈਂ ਇਹਦਾ ਕਾਰਨ ਪੁੱਛਿਆ, ਤਾਂ ਕਹਿਣ ਲੱਗੀ—"ਮੈਨੂੰ ਮੋਟਾਪੇ ਤੋਂ ਡਰ ਲਗਦੈ। ਖ਼ੌਫ਼ ਆਉਂਦੈ—ਬਹੁਤ ਜ਼ਿਆਦਾ।"

"ਪਰ ਮੋਟੇ ਲੋਕ ਤਾਂ ਬੜੇ ਹੱਸ-ਮੁਖ ਹੁੰਦੇ ਨੇ।" ਮੈਂ ਆਖਿਆ।

ਉਹ ਅਤੀਤ ਵਿਚ ਝਾਕਦੀ ਹੋਈ ਬੋਲੀ—"ਸੋਢੀ ਸਾਹਿਬ...ਤੁਸੀਂ ਤਾਂ ਮਿਲਦੇ ਰਹਿੰਦੇ ਸੀ ਉਨ੍ਹਾਂ ਨੂੰ...ਉਹ ਮੋਟਾਪੇ ਦਾ ਸ਼ਿਕਾਰ ਹੋ ਗਏ! ਮੈਨੂੰ ਮੋਟਾਪੇ ਤੋਂ ਬਹੁਤ ਡਰ ਲਗਦੈ। ਭਾਰ ਤਾਂ ਆਪੇ ਈ ਚੁਕਣੈ! ਤਾਂ ਪੰਜਾਹ ਕਿਲੋ ਥੋੜ੍ਹੇ?"

ਉਹ ਪੋਲੇ ਪੋਲੇ ਸ਼ਬਦਾਂ ਨੂੰ ਆਪਣੇ ਊਦੇ ਕਾਸ਼ਣੀ ਬੁਲ੍ਹਾਂ ਰਾਹੀਂ ਅਦਾ ਕਰਦੀ ਹੋਈ ਛੋਟੇ ਘੁੰਗਰੂਆਂ ਦੀ ਛਣਕਾਰ ਖਲੇਰ ਰਹੀ ਸੀ।

ਸੁਰਿੰਦਰ ਕੌਰ ਦੇ ਗਲੇ ਵਿਚ ਨੂਰ ਹੈ। ਉਸ ਦੀ ਆਵਾਜ਼ ਵਿਚ ਮੁਰਕੀਆਂ ਹਨ। ਜਿਵੇਂ ਸ਼ਾਂਤ ਪਾਣੀ ਉਪਰ ਹਲਕੀ ਹਲਕੀ ਹਵਾ ਨਾਲ ਲਹਿਰਾਂ ਤੈਰਦੀਆਂ ਹੋਣ। ਉਹਦੀ ਆਵਾਜ਼ ਦੀ ਫੁਹਾਰ ਨਾਲ ਸਰੋਤੇ ਭਿੱਜਦੇ ਨਹੀਂ, ਸਰਸ਼ਾਰ ਹੁੰਦੇ ਹਨ। ਉਹਦੀ ਆਵਾਜ਼ ਦਾ ਸੁਭਾ ਭੈਰਵੀ ਤੇ ਪਹਾੜੀ ਦੀ ਮਿਸ਼ਰਤ ਪੁੱਠ ਵਿਚ ਓਤਪੋਤ ਹੈ। ਸੁਰਿੰਦਰ ਕੌਰ ਸ਼ਬਦ ਦੀ ਰੂਹ ਦਾ ਅਲਾਪ ਲੈਂਦੀ ਹੈ।

ਮੈਂ ਉਸ ਨੂੰ ਕਿਹਾ:—"ਸੁਰਿੰਦਰ, ਇਲਾਹੀ ਵਰਦਾਨ ਹੈ ਤੇਰੀ ਆਵਾਜ਼।"

ਬੋਲੀ—"ਕੋਟ ਕੋਟ ਧਨਵਾਦ ਹੈ ਦੇਣ ਵਾਲੇ ਦਾ। ਕਈ ਵਾਰ ਤਾਂ ਲੋਕੀਂ ਅਜੀਬ ਤਰੀਕਿਆਂ ਨਾਲ ਆਪਣੀ ਸ਼ਰਧਾ ਦੱਸਦੇ ਨੇ। ਇਕ ਵਾਰ ਮੈਂ ਇਕ ਪਿੰਡ ਵਿਚ ਪ੍ਰੋਗਰਾਮ ਕੀਤਾ। ਪ੍ਰਬੰਧਕਾਂ ਨੇ ਮੈਨੂੰ ਇਕ ਚੁਬਾਰੇ ਤੇ ਉਤਾਰਾ ਦਿੱਤਾ ਸੀ। ਗਰਮੀ ਸੀ। ਨਹਾਉਣ ਨੂੰ ਜੀ ਕੀਤਾ। ਘਰ ਦੀ ਸੁਆਣੀ ਨੂੰ ਕਹਿ ਕੇ ਮੈਂ ਚੁਬਾਰੇ ਉੱਪਰ ਹੀ ਪਾਣੀ ਦੀਆਂ ਦੋ ਬਾਲਟੀਆਂ ਮੰਗਾ ਲਈਆਂ। ਜਦ ਮੈਂ ਨਹਾ ਰਹੀ ਸੀ, ਤਾਂ ਪਿੰਡ ਦਾ ਇਕ ਬੰਦਾ ਪਰਨਾਲੇ ਵਿਚੋਂ ਡਿਗਦਾ ਪਾਣੀ ਬੁੱਕ ਨਾਲ ਪੀਵੀ ਜਾਏ। ਕਿਸੇ ਨੇ ਦੇਖਿਆ, ਤਾਂ ਕਿਹਾ—'ਉਏ, ਇਹ ਤਾਂ ਬੀਬੀ ਨਹਾ ਰਹੀ ਏ, ਇਹ ਪਾਣੀ ਕਿਉਂ ਪੀਂਦੈਂ?' ਉਹ ਬੰਦਾ ਕਹਿਣ ਲਗਾ—"ਇਸੇ ਲਈ ਤਾਂ ਪੀਂਦਾਂ, ਭਈ ਇਹ ਪਾਣੀ ਬੀਬੀ ਦੇ ਪਿੰਡੇ ਨੂੰ ਲਗ ਕੇ ਆਇਐ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਿੰਦਰ ਕੌਰ ਦੇ ਹਾਸੇ ਦੇ ਮੋਤੀ ਬਿਖਰ ਗਏ।

* * *

ਸੁਰਿੰਦਰ ਕੌਰ ਦਾ ਜਨਮ 25 ਮਾਰਚ 1929 ਦਾ ਹੈ। ਦੀਵਾਨ ਬਿਸ਼ਨ ਦਾਸ ਦੇ ਘਰ ਪੰਜ ਧੀਆਂ ਤੇ ਪੰਜ ਪੁੱਤਰ ਜੰਮੇ। ਸੁਰਿੰਦਰ ਕੌਰ ਤੋਂ ਵਡੀ ਪ੍ਰਕਾਸ਼ ਕੌਰ ਸੀ, ਤੇ ਉਸ ਤੋਂ ਵਡੀ ਇਕ ਹੋਰ। ਨਰਿੰਦਰ ਕੌਰ ਸਭ ਤੋਂ ਛੋਟੀ। ਘਰ ਵਿਚ ਸਾਰਾ ਪਰਿਵਾਰ ਮਿਲ ਕੇ ਗੁਰਬਾਣੀ ਦੇ ਸ਼ਬਦ ਗਾਉਂਦੇ। ਪੇਸ਼ਾਵਰ ਗਾਉਣ ਨੂੰ "ਕੰਜਰਾਂ ਦਾ ਕੰਮ" ਸਮਝਿਆ ਜਾਂਦਾ।

"ਮੈਂ ਨਾਂ ਪੜ੍ਹਦੀ, ਨਾ ਘਰ ਦਾ ਕੰਮ ਕਰਦੀ। ਬਸ ਹਰ ਵੇਲੇ ਗਾਉਣਾ। ਮਾਂ ਆਖਦੀ—"ਇਹ ਲੋਕਾਂ ਦੇ ਭਾਂਡੇ ਮਾਂਜੇਗੀ।"

ਸੁਰਿੰਦਰ ਕੌਰ ਨੇ ਮਾਸਟਰ ਅਨਾਇਤ ਹੁਸੈਨ, ਅਤੇ ਸਲਾਮਤ ਨਜ਼ਾਕਤ ਦੇ ਚਾਚਾ ਨਿਆਜ਼ ਹੁਸੈਨ ਕੋਲੋਂ ਰਾਗ ਦੀ ਸ਼ਿਖਸ਼ਾ ਪ੍ਰਾਪਤ ਕੀਤੀ। ਉਹਨਾਂ ਦਾ ਕਹਿਣਾ ਸੀ—"ਰਿਆਜ਼ ਹੀ ਕਾਮਯਾਬੀ ਦਾ ਰਸਤਾ ਹੈ।" ਸੁਰਿੰਦਰ ਕੌਰ ਨੇ ਇਹ ਗੱਲ ਪੱਲੇ ਬੰਨ੍ਹ ਲਈ।

ਸੁਰਿੰਦਰ ਕੌਰ ਨੂੰ ਭੈਰਵੀ ਤੇ ਪਹਾੜੀ ਬਹੁਤ ਪਸੰਦ ਹਨ। ਉਹ ਦਸਦੀ ਹੈ ਕਿ ਉਹ ਨਿਕੀ ਹੁੰਦੀ ਅਜਿਹੇ ਦਰਦ ਭਰੇ ਬੋਲਾਂ ਦੀ ਤਲਾਸ਼ ਕਰਦੀ ਰਹਿੰਦੀ ਸੀ, ਜਿਨ੍ਹਾਂ ਵਿਚ ਦਿਲ ਬੋਲਦਾ, ਤੇ ਮਨ ਉਦਾਸ ਹੋ ਜਾਂਦਾ।

ਮੈਂ ਪੁੱਛਿਆ—"ਸੁਰਿੰਦਰ, ਤੈਨੂੰ ਪਹਾੜੀ ਤੇ ਭੈਰਵੀ ਕਿਉਂ ਪਸੰਦ ਨੇ?"

"ਇਹ ਲੋਕ-ਗੀਤਾਂ ਦੇ ਬਹੁਤ ਨੇੜੇ ਹਨ। ਇਸੇ ਲਈ ਲੋਕਾਂ ਦੇ ਵੀ ਕਰੀਬ ਹਨ। ਲਫ਼ਜ਼ ਦਾ ਤੇ ਰਾਗ ਦਾ ਬਹੁਤ ਪੀਡਾ ਸੰਬੰਧ ਹੈ। ਲਫ਼ਜ਼ ਪਹਿਲਾਂ, ਤੇ ਰਾਗ ਬਾਅਦ ਵਿਚ। ਰਾਗ ਅਸਲ ਵਿਚ ਲਫ਼ਜ਼ਾਂ ਦਾ ਵਿਸਥਾਰ ਹੈ। ਭੈਰਵੀ ਤੇ ਪਹਾੜੀ ਲੋਕ ਗੀਤਾਂ ਵਿਚ ਸੰਜੋਏ ਪਏ ਹਨ। ਰਾਗਾਂ ਦੀਆਂ ਧਾਰਨਾਂ ਕਾਰਨ ਬਾਣੀ ਦਾ ਕੀਰਤਨ ਕਰਨ ਵਿਚ ਬੇਹਦ ਆਨੰਦ ਆਉਂਦਾ ਹੈ। ਅੰਦਰ ਜੋਤਿ ਜਗ ਪੈਂਦੀ ਹੈ। ਮਨੁੱਖ ਦੀਆਂ ਮੁੱਢਲੀਆਂ ਧਾਰਨਾਵਾਂ ਨਾਲ ਜੁੜਿਆ ਹੋਇਆ। ਸਿਆਲ ਦੇ ਨਿੱਘੇ ਬਿਸਤਰੇ ਜਿਹਾ ਆਨੰਦ।"

ਉਸ ਨੇ ਸਪਾਰੀਆਂ ਦਾ ਡੱਬਾ ਖੋਹਲਿਆ, ਤੇ ਨਿਕੇ ਚਮਚੇ ਨਾਲ ਮੂੰਹ ਵਿਚ ਪਾ ਲਈਆਂ। ਖੁਲ੍ਹੇ ਵਾਲਾਂ ਦੀ ਅੱਧੀ ਕੁ ਗੁਤ ਕੀਤੀ। ਉਸਦੀਆਂ ਅੱਖਾਂ ਮੈਨੂੰ ਵੀ ਵੇਖ ਰਹੀਆਂ ਸਨ ਤੇ ਮੈਥੋਂ ਪਾਰ ਵੀ। ਉਹ ਆਕਰਸ਼ਕ ਲਗਦੀ ਹੈ। ਇਹ ਉਸ ਦੀ ਸਮੁੱਚੀ ਸੰਜਮੀ ਸ਼ਖ਼ਸੀਅਤ ਦਾ ਕ੍ਰਿਸ਼ਮਾ ਹੈ। ਉੱਚਾ ਕੱਦ, ਤੇ ਸਾਦਾ ਬੋਲ ਚਾਲ ਰਾਹੀਂ ਸੁਰਿੰਦਰ ਕੌਰ ਲੋਕ ਗੀਤ ਵਾਂਗ ਤੁਹਾਡੇ ਮਨ ਵਿਚ ਉਭਰਦੀ ਹੈ।

ਮੈਂ ਪੁੱਛਿਆ—"ਸੁਰਿੰਦਰ ਕੌਰ, ਤੂੰ ਕਿਹੜਾ ਕਿਹੜਾ ਸਾਜ਼ ਵਜਾ ਲੈਂਦੀ ਹੈਂ?"

"ਕੋਈ ਵੀ ਨਹੀਂ।" ਉਸ ਕਿਹਾ।

"ਤੇ ਘੁੰਗਰੂ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਇਹ ਤਾਂ ਮੈਂ ਸ਼ੁਰੂ ਤੋਂ ਵਜਾਂਦੀ ਹਾਂ, ਕਿ ਰਿਦਮ ਤੇ ਕੰਟਰੋਲ ਰਹੇ। ਜਦੋਂ ਮੈਂ ਕਿਸੇ ਗੀਤ ਦੀ ਟੀਊਨ ਕਮਪੋਜ਼ ਕਰਦੀ ਹਾਂ, ਤਾਂ ਮੇਰੇ ਹੱਥ ਵਿਚ ਕੋਈ ਸਾਜ਼ ਨਹੀਂ ਹੁੰਦਾ।"

"ਗਾਣਾ ਤਾਂ ਭਗਤੀ ਹੈ, ਜੇ ਗਾਇਕ ਦੀ ਨੀਅਤ ਮੈਲੀ ਹੋਵੇ, ਤਾਂ ਗਾਣੇ ਉਪਰ ਉਸ ਦਾ ਪਰਛਾਵਾਂ ਤਣਿਆ ਰਹਿੰਦਾ ਹੈ—ਤੰਬੂ ਵਾਂਗ। ਇਸ ਤੰਬੂ ਤੋਂ ਬਾਹਰ ਆ ਕੇ ਹੀ ਸੁਰਤੀ ਜਾਗਦੀ ਹੈ। ਪੀਲੂ, ਖਮਾਜ, ਪਹਾੜੀ, ਭੈਰਵੀ—ਇਹਨਾਂ ਦੀਆਂ ਸੁਰਾਂ ਰਲਾ ਕੇ ਬੜਾ ਕੁਝ ਸਿਰਜਿਆ ਜਾਂਦਾ ਹੈ, ਤੇ ਸਿਰਜਿਆ ਜਾ ਸਕਦਾ ਹੈ। ਲਾਈਟ ਗਾਉਣ ਵਾਸਤੇ ਇਹ ਅਮੁਕ ਖ਼ਜ਼ਾਨਾ ਹੈ। ਪਰ ਵਡੇ ਰਾਗਾਂ ਵਿਚ ਸ਼ੁੱਧਤਾ ਪ੍ਰਧਾਨ ਹੈ, ਉਹਨਾਂ ਵਿਚ ਇਕ ਦੀ ਸੁਰ ਦੂਜੇ ਵਿਚ ਲਾਉਣੀ ਅਣਜਾਣਪੁਣਾ ਹੈ। ਹਾਂ, ਉਸਤਾਦ ਨਾਜਾਇਜ਼ ਨੂੰ ਵੀ ਜਾਇਜ਼ ਕਰ ਵਿਖਾਂਦੇ ਹਨ। ਲਾਈਟ ਗਾਉਣ ਵਾਲਾ ਤਾਂ ਠੁਮਰੀ ਦਾਦਰੇ ਤੀਕ ਹੀ ਤੁਰਦਾ ਹੈ, ਜਾਂ ਉਤਾਂਹ ਉਠਦਾ ਹੈ। ਪਰ ਸ਼ੁੱਧ ਸ਼ਾਸਤ੍ਰੀਯ ਗਾਇਕ ਠੁਮਰੀ ਦਾਦਰੇ ਤੋਂ ਹੇਠਾਂ ਨਹੀਂ ਡਿਗਦਾ।"

"ਕਲਾਸੀਕਲ ਵਿਚ ਸਥਾਈ ਤੇ ਅੰਤਰਾ ਮੁੱਖ ਹੈ : ਬਾਕੀ ਵਿਸਥਾਰ ਹੈ। ਰਾਗ ਦਾ ਗਿਆਨ ਜ਼ਰੂਰੀ ਹੈ, ਬਾਕੀ ਉਹਦਾ ਰਿਆਜ਼ ਹੈ।"

"ਕੁਝ ਸੁਣਾਓ।" ਮੈਂ ਕਿਹਾ।

"ਲੰਘ ਆ ਜਾ ਪੱਤਣ ਝਨਾਂ ਦਾ ਯਾਰ,
ਲੰਘ ਆ ਜਾ।"

ਉਹ ਸੁਣਾਉਣ ਲਗੀ। ਹੱਥ ਹਵਾ ਵਿਚ ਲਹਿਰਾਉਂਦਾ। ਕਦੀ ਤਰਲੇ ਨਾਲ, ਕਦੀ ਨਿਹੋਰੇ ਨਾਲ, ਕਦੀ ਗੁੱਸੇ ਨਾਲ, ਤੇ ਕਦੀ ਪਿਆਰ ਨਾਲ। ਕਦੀ ਉਹ "ਲੰਘ ਆ ਜਾ" ਨੂੰ ਇੰਜ ਅਦਾ ਕਰਦੀ, ਜਿਵੇਂ ਜੋਦੜੀ ਕਰ ਰਹੀ ਹੋਵੇ, ਕਦੀ "ਪੱਤਣ" ਇਨ੍ਹਾਂ ਲੰਮਾ ਕਰਦੀ, ਕਿ ਛੱਲਾਂ ਪੈਂਦੀਆਂ ਜਾਪਦੀਆਂ। ਕਦੀ "ਯਾਰ" ਆਖਦੀ, ਤਾਂ ਉਸ ਦੀ ਛਾਤੀ ਉਭਰ ਕੇ ਤਣ ਜਾਂਦੀ।

ਫੇਰ ਉਸ ਨੇ ਗਾਇਆ—"ਆ ਜਾ ਢੋਲਣਾ।"

ਇਹਦਾ ਇਕ ਬੰਦ ਕਹਿ ਕੇ ਉਹਦਾ ਹਾਸਾ ਨਿਕਲ ਗਿਆ। ਮੈਂ ਪੁੱਛਿਆ, "ਕੀ ਹੋਇਆ ?"

"ਇਸੇ ਗਾਣੇ ਨਾਲ ਸੰਬੰਧਤ ਇਕ ਹਾਸੇ ਦੀ ਗੱਲ ਯਾਦ ਆ ਗਈ। ਇਕ ਵਾਰ ਮੈਂ ਉਸਤਾਦ ਕੋਲ ਬੈਠੀ ਇਸੇ ਗਾਣੇ ਦੀ ਤਾਲੀਮ ਲੈ ਰਹੀ ਸੀ। ਇਕ ਬੰਦਾ ਅੰਦਰ ਆਇਆ। ਤੇ ਬੋਲਿਆ—"ਲਓ ਮੈਂ ਆ ਗਿਆ।" ਉਸਤਾਦ ਜੀ ਨੇ ਉਸ ਨੂੰ ਮੰਦਾ ਚੰਗਾ ਬੋਲਿਆ। ਉਹ ਕਹਿਣ ਲਗਾ—"ਇਹ ਕਹਿੰਦੀ ਸੀ, "ਆ ਜਾ ਢੋਲਣਾ।" ਇਹ ਸੁਣ ਕੇ ਮੇਰੇ ਅੰਦਰ ਅੱਗ ਲਗ ਗਈ। ਮੈਂ ਆਪਣੀ ਰੇਡੀਓ ਦੀ ਦੁਕਾਨ ਨੂੰ ਤੀਲੀ ਲਾਈ, ਤੇ ਇਹਦੇ ਕੋਲ ਆ ਗਿਆ ਵਾਂ।"

* * *

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਿੰਦਰ ਕੌਰ ਨੇ ਕਦੀ ਘਟੀਆ ਤੇ ਲੱਚਰ ਗੀਤ ਨਹੀਂ ਗਾਏ । ਉਸ ਨੇ ਦੱਸਿਆ—"ਇਕ ਵਾਰ ਲੁਧਿਆਣੇ ਮੈਂ ਗੀਤ ਗਾਇਆ—"ਟੀਟੂ ਦੀ ਮੰਮੀ ਨੀ ਤੂੰ ਬੜੀ ਨਿਕੰਮੀ ਨੀ, "ਰਸਤੇ ਵਿਚ ਸੋਢੀ ਸਾਹਿਬ ਮੇਰੇ ਨਾਲ ਬਹੁਤ ਲੜੇ । "ਤੂੰ ਇਹ ਘਟੀਆ ਗਾਣਾ ਗਾਇਆ ਕਿਉਂ ?" ਫੇਰ ਉਹ ਅੱਧੀ ਵਾਟ ਕਾਰ ਵਿਚ ਬੁਲ੍ਹੇ ਸ਼ਾਹ ਗਾਉਂਦੇ ਤੇ ਰੋਂਦੇ ਰਹੇ ।"

ਜੋਗਿੰਦਰ ਸਿੰਘ ਸੋਢੀ ਸੁਰਿੰਦਰ ਕੌਰ ਦੇ ਪਤੀ ਸਨ । ਉਹਨਾਂ ਦਾ 1976 ਵਿਚ ਚਲਾਣਾ ਹੋ ਗਿਆ ਸੀ । ਸੋਢੀ ਜੋਗਿੰਦਰ ਸਿੰਘ ਸਾਹਿਤ ਦਾ ਵਧੀਆ ਪਾਰਖੂ ਤੇ ਬੇਬਾਕ ਆਦਮੀ ਸੀ ।

ਸੁਰਿੰਦਰ ਕੌਰ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮ ਨਹੀਂ ਸੀ ਕਰਦੀ । ਇਕ ਵਾਰ ਉਹਨੂੰ ਪਤਾ ਨਹੀਂ ਸੀ ਕਿ ਵਿਆਹ ਦਾ ਪ੍ਰੋਗਰਾਮ ਹੈ । ਉਥੇ ਅਪੜਨ ਤੇ ਪਤਾ ਲਗਾ । ਉਹਨੂੰ ਗਾਉਣਾ ਪਿਆ । ਗਾਉਣ ਵਾਲੀ ਸੁਰਿੰਦਰ ਕੌਰ, ਤੇ ਪੇਂਡੂ ਲੋਕਾਂ ਨੇ ਵਿਆਹ ਦੀ ਖੁਸ਼ੀ ਵਿਚ ਦਾਰੂ ਛਕੀ ਹੋਈ । ਇਨਾਮ ਦੇ ਰੁਪਿਆਂ ਦਾ ਢੇਰ ਲਗ ਗਿਆ ।

"ਮੈਨੂੰ ਇੰਨੇ ਰੁਪਏ ਦੇਖ ਕੇ ਡਰ ਲਗਣ ਲਗਾ । ਸੋਢੀ ਸਾਹਿਬ ਕਹਿਣਗੇ, ਕਿਥੋਂ ਲਿਆਈ ਏਂ ? ਮੈਂ ਵੰਡਣ ਲਗੀ, ਦੋ ਸੌ ਡਰਾਈਵਰ ਨੂੰ, ਤਿੰਨ ਸੌ ਢੋਲਕ ਵਾਲੇ ਨੂੰ, ਸੌ ਰੋਟੀ ਲਿਆਣ ਵਾਲੇ ਨੂੰ । ਰਾਹ ਵਿਚ ਨੌਕਰ ਨੂੰ ਸਮਝਾਉਂਦੀ ਆਈ, "ਦਾਰ ਜੀ ਨੂੰ ਨਾ ਦੱਸੀਂ ਕਿ ਵਿਆਹ ਦਾ ਪ੍ਰੋਗਰਾਮ ਸੀ ।" ਅਜੇ ਵਿਹੜੇ ਵਿਚ ਮੋਟਰ ਜਾ ਕੇ ਖੜੀ ਹੀ ਹੋਈ ਸੀ, ਕਿ ਨੌਕਰ ਨੇ ਕਿਹਾ—"ਦਾਰ ਜੀ, ਵਿਆਹ ਦਾ ਪ੍ਰੋਗਰਾਮ ਸੀ ।" ਸੋਢੀ ਸਾਹਿਬ ਨੇ ਮੇਰੇ ਹੱਥੋਂ ਰੁਪਿਆਂ ਦਾ ਪਰਸ ਲੈ ਕੇ ਵਗਾਹ ਕੇ ਗਲੀ ਵਿਚ ਮਾਰਿਆ ।" ਦੂਰ ਰੱਖ ਇਹਨਾਂ ਛਿੱਲੜਾਂ ਨੂੰ । ਮੈਨੂੰ ਨਹੀਂ ਇਹਨਾਂ ਦੀ ਲੋੜ ।"

* * *

"ਤੈਨੂੰ ਤ੍ਰੀਮਤ ਗਾਇਕਾਂ ਵਿਚੋਂ ਕਿਹੜੀ ਚੰਗੀ ਲਗਦੀ ਹੈ ?" ਮੈਂ ਸਵਾਲ ਕੀਤਾ ।

"ਲਤਾ ਮੰਗੇਸ਼ਕਰ, ਤੇ ਨੂਰ ਜਹਾਂ । ਪਰ ਨੂਰਜਹਾਂ ਬਹੁਤ ਮੋਟੀ ਹੋ ਗਈ ਏ । ਮੈਨੂੰ ਤਾਂ ਉਹਦੇ ਮੋਟਾਪੇ ਤੋਂ ਖ਼ੌਫ ਆਉਂਦੈ । ਉਹਦੀ ਗਰਦਨ ਗਾਇਬ ਹੋ ਗਈ ਏ, ਧੜ ਤੋਂ ਈ ਸਿਰ ਸ਼ੁਰੂ ਹੋ ਜਾਂਦੈ, ਤੋਬਾ !"

ਨੂਰਜਹਾਂ ਨੂੰ ਮਿਲਣ ਲਈ ਦੋ ਬੰਦੇ ਗਏ, ਤੇ ਕੁਝ ਸੁਣਾਉਣ ਲਈ ਫ਼ਰਮਾਇਸ਼ ਕੀਤੀ । ਨੂਰ ਜਹਾਂ ਨੇ ਗੀਤ ਸ਼ੁਰੂ ਕਰਨ ਤੋਂ ਪਹਿਲਾਂ ਦਸਿਆ ਕਿ "ਜੋ ਗੀਤ ਮੈਂ ਸੁਣਾਨ ਲਗੀ ਹਾਂ, ਮੈਂ ਉਦੋਂ ਗਾਇਆ ਸੀ, ਜਦੋਂ ਤੀਹ ਵਰ੍ਹੇ ਪਹਿਲਾਂ ਮੇਰਾ ਵੱਡਾ ਪੁੱਤਰ ਮੇਰੇ ਪੇਟ ਵਿਚ ਸੀ ।" ਫੇਰ ਉਸ ਨੇ ਗਾਣਾ ਸੁਣਾਇਆ । ਉਸ ਨੂੰ ਦੂਜੇ ਗਾਣੇ ਦੀ ਫ਼ਰਮਾਇਸ਼ ਕੀਤੀ ਗਈ, ਤਾਂ ਫੇਰ ਉਹਨੇ ਦਸਿਆ ਕਿ "ਅਠਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਲ ਪਹਿਲਾਂ ਜਦੋਂ ਮੇਰਾ ਦੂਜਾ ਪੁੱਤਰ ਮੇਰੇ ਪੇਟ ਵਿਚ ਸੀ, ਤਦ ਇਹ ਗਾਣਾ ਰੀਕਾਰਡ ਕਰਾਇਆ ਸੀ।" ਉਹ ਗਾਣਾ ਵੀ ਖ਼ਤਮ ਹੋਇਆ। ਤੀਜੀ ਵਾਰ ਉਹ ਫੇਰ ਕਹਿਣ ਲਗੀ—"ਜਦੋਂ ਇਹ ਗਾਣਾ ਪੰਝੀ ਵਰ੍ਹੇ ਪਹਿਲਾਂ ਮੈਂ ਗਾਇਆ ਸੀ, ਤਦ ਮੇਰਾ ਤੀਜਾ ਬੇਟਾ ਮੇਰੇ ਪੇਟ ਵਿਚ ਸੀ।"

ਸਰੋਤਿਆਂ ਵਿਚੋਂ ਇਕ ਨੇ ਕਿਹਾ—"ਮੈਡਮ, ਸਾਨੂੰ ਕੋਈ ਖ਼ਾਲੀ ਪੇਟ ਵਾਲਾ ਗਾਣਾ ਵੀ ਸੁਣਾਉ।"

"ਤੈਨੂੰ ਪੰਜਾਬੀ ਗੀਤਕਾਰਾਂ ਵਿਚੋਂ ਕੌਣ ਚੰਗਾ ਲਗਦੈ ?"

"ਨੰਦ ਲਾਲ ਨੂਰਪੁਰੀ ਖੁਸ਼ੀ ਦਾ ਗੀਤਕਾਰ ਸੀ। ਉਹਦੀ ਦੂਜੀ ਕਵਿਤਾ ਉਦਾਸ ਤੇ ਗੰਭੀਰ ਹੈ। ਸ਼ਿਵ ਕੁਮਾਰ ਉਦਾਸੀ ਦਾ ਕਵੀ ਹੈ। ਮੈਂ ਦੋਹਾਂ ਨੂੰ ਗਾਇਆ ਹੈ। ਨੂਰਪੁਰੀ ਲੋਕ ਪਸੰਦ ਦੇ ਬਹੁਤ ਨੇੜੇ ਹੈ। ਬਾਕੀ ਕਵੀ ਲੋਕਾਂ ਦੀ ਸਮਝ ਤੋਂ ਬਹੁਤ ਦੂਰ ਹਨ। ਮੈਂ ਡਾ: ਹਰਿਭਜਨ ਸਿੰਘ ਦੀਆਂ ਕਿਤਾਬਾਂ ਵੀ ਪੜ੍ਹੀਆਂ ਹਨ। ਗੀਤ ਗਾਏ ਹਨ। ਮੈਨੂੰ ਕਹਿੰਦੇ ਨੇ—"ਤੂੰ ਸ਼ਿਵ ਕੁਮਾਰ ਦੀ ਕਵਿਤਾ ਜਿੰਨੇ ਦਰਦ ਨਾਲ ਗਾਉਂਦੀ ਏਂ, ਉਨੇ ਦਰਦ ਨਾਲ ਮੇਰੀ ਕਵਿਤਾ ਨਹੀਂ ਗਾਉਂਦੀ।" ਮੈਂ ਕਿਹਾ— "ਨਾਂ ਦੱਸੇਂ ਬਿਨਾਂ ਸ਼ਿਵ ਦੀ ਤੇ ਆਪਣੀ ਕਵਿਤਾ ਕਿਸੇ ਕੋਲੋਂ ਪੜ੍ਹਵਾ ਕੇ ਪੁੱਛ ਲਉ, ਕਿ ਕਿਹੜੀ ਲੋਕਾਂ ਨੂੰ ਪਸੰਦ ਹੈ।" ਪੰਜਾਬ ਦੇ ਬਹੁਤੇ ਕਵੀ ਤਾਂ ਐਚ. ਐਮ. ਵੀ. ਵਾਲਿਆਂ ਲਈ ਲਚਰ ਗਾਣੇ ਲਿਖ ਕੇ ਉਹਨਾਂ ਦੀ ਵਪਾਰ ਪੂਰਤੀ ਵਿਚ ਲੱਗੇ ਹੋਏ ਹਨ। ਮੇਰੇ ਕੋਲ ਥੱਬਿਆਂ ਦੇ ਥੱਬੇ ਗੀਤ ਆਉਂਦੇ ਹਨ। ਫੋਲ ਫੋਲ ਲਭਦੀ ਹਾਂ, ਕੁਝ ਨਹੀਂ ਮਿਲਦਾ। ਮੇਰੇ ਢਾਈ ਹਜ਼ਾਰ ਤੋਂ ਵਧ ਗਾਣੇ ਰੀਕਾਰਡ ਹੋ ਚੁਕੇ ਹਨ। ਮੈਂ ਅਜਿਹੇ ਗਾਣੇ ਨਹੀਂ ਗਾ ਸਕਦੀ। ਮੇਰੇ ਲਈ ਗਾਣੇ ਦੇ ਬੋਲ ਪਹਿਲਾਂ ਹਨ, ਤੇ ਗਾਇਕੀ ਬਾਅਦ ਵਿਚ। ਇੱਜ਼ਤ ਪਹਿਲਾਂ ਤੇ ਪੈਸਾ ਬਾਅਦ ਵਿਚ।"

"ਇਕ ਦਿਨ ਮੈਂ ਇਕ ਪ੍ਰੋਗਰਾਮ ਤੇ ਗਈ। ਇਕ ਬੰਦਾ ਆਇਆ। ਤਿੱਖੀਆਂ ਮੁੱਛਾਂ, ਤਹਿਬੰਦ, ਕੁਰਤਾ। ਬੇਝਿਜਕ ਮੇਰੇ ਕੋਲ ਆ ਕੇ ਕੁਝ ਫਲ ਤੇ ਡਰਾਈ ਫ਼ਰੂਟ ਮੇਰੇ ਪੈਰਾਂ ਵਿਚ ਰੱਖੇ, ਤੇ ਪੈਰ ਛੁਹ ਕੇ ਹੱਥ ਬੰਨ੍ਹ ਖਲੋ ਗਿਆ—"ਇਕ ਬੇਨਤੀ ਹੈ ਜੀ।"

ਮੈਂ ਹੈਰਾਨ ਹੋ ਕੇ ਕਿਹਾ—"ਭਾਈ ਸਾਹਿਬ, ਪੈਰੀਂ ਹੱਥ ਲਾਉਣ ਦੀ ਕੀ ਲੋੜ ਸੀ ? ਹੁਕਮ ਕਰੋ ?"

"ਤੁਹਾਡੇ ਨਾਲ ਇਕ ਫ਼ੋਟੋ ਖਿਚਾਉਣੀ ਏਂ !" ਉਹਨੇ ਝਿਜਕ ਕੇ ਕਿਹਾ।

"ਖਿਚਾ ਲਓ।"

ਉਹ ਕੈਮਰਾਮੈਨ ਨੂੰ ਲੈ ਆਇਆ, ਤੇ ਫ਼ੋਟੋ ਖਿਚਾ ਕੇ ਫੇਰ ਮੇਰੇ ਪੈਰੀਂ ਹੱਥ ਲਾ ਕੇ ਬੋਲਿਆ—"ਬੀਬੀ ਜੀ, ਮੈਂ ਤੁਹਾਡੇ ਪੈਰਾਂ ਨੂੰ ਛੂਹਣ ਦੇ ਕਾਬਲ ਨਹੀਂ। ਤੁਸੀਂ ਪੰਜਾਬੀਆਂ ਦਾ ਬੇਨਜ਼ੀਰ ਸਰਮਾਇਆ ਹੋ। ਮੇਰੇ ਲਾਇਕ ਜ਼ਰੂਰ ਕੋਈ ਸੇਵਾ ਦੱਸੋ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਅਦ ਵਿਚ ਪਤਾ ਲੱਗਾ, ਕਿ ਉਹ ਦਿੱਲੀ ਦਾ ਬਹੁਤ [illegible] ਸੀ । ਮੈਂ ਮਨ ਵਿਚ ਸੋਚਿਆ—"ਰੱਬ ਇਹਦੇ ਕੋਲੋਂ ਮੇਰੀ ਸੇਵਾ ਨਾ ਹੀ ਕਰਵਾਏ ।"

ਸੁਰਿੰਦਰ ਕੌਰ ਬੇਅਖ਼ਤਿਆਰ ਹੱਸੀ । ਉਹਦੇ ਹਾਸੇ ਵਿਚ ਹੁਣ ਨਾ ਭੈਰਵੀ ਸੀ, ਨਾ ਪਹਾੜੀ ਸਗੋਂ ਖ਼ੁਸ਼ੀ ਦੇ ਰੰਗ ਸਨ । ਘੁੰਗਰੂਆਂ ਦੀ ਛਣਕ ਸੀ, ਤੇ ਬੇਸ਼ੁਮਾਰ ਮੁਰਕੀਆਂ ਦੇ ਮੋਤੀ ਬਿਖਰਦੇ ਜਾ ਰਹੇ ਸਨ ।

ਸੁਰਿੰਦਰ ਕੌਰ, ਜਿਸ ਨੂੰ ਸੰਗੀਤ ਨਾਟਕ ਅਕਾਡਮੀ ਨੇ ਲੋਕ-ਗਾਇਕੀ ਦਾ ਸਭ ਤੋਂ ਵਡਾ ਪੁਰਸਕਾਰ ਦਿੱਤਾ, ਇਸ ਤਰ੍ਹਾਂ ਖਿੜ ਰਹੀ ਸੀ, ਜਿਸ ਤਰ੍ਹਾਂ ਮਨੁੱਖ ਪਹਿਲੀ ਵਾਰ ਕੁਦਰਤ ਦੀ ਰੰਗੀਨੀ ਤੇ ਬਨਸਪਤੀ ਨੂੰ ਦੇਖ ਕੇ, ਗਾ ਕੇ ਖ਼ੁਸ਼ ਹੋਇਆ ਹੋਵੇਗਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵਿੰਦਰ ਸਤਿਆਰਥੀ

ਇੰਡੋ ਚਾਇਨਾ ਕਾਨਫ੍ਰੰਸ ਵਿਚ "ਹਿੰਦੀ ਚੀਨੀ ਭਾਈ ਭਾਈ" ਦੇ ਨਾਹਰੇ ਲਗ ਰਹੇ ਸਨ, ਜਦੋਂ ਮੈਂ ਤੇ ਦੇਵਿੰਦਰ ਸਤਿਆਰਥੀ "ਭਾਈ ਭਾਈ" ਬਣੇ।

ਸਾਨੂੰ ਸਾਹਿਤਕ ਬਹਿਸਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਸਾਰਾ ਮਾਹੌਲ ਸਰਗੋਧੀਆਂ ਦੇ ਛੇ ਰੰਗੇ ਅਚਾਰ ਵਰਗਾ ਸੀ—ਰਾਜਨੀਤਕ ਗੁਤਾਵਾ! ਚੀਨ ਤੋਂ "ਦੁਭਾਸ਼ੀ" ਕੁੜੀਆਂ ਆਈਆਂ ਹੋਈਆਂ ਸਨ। ਸੁੰਦਰ ਸਡੌਲ ਤੇ ਜੁਆਨ। ਗੁੰਦਵੇਂ ਪੱਟ, ਛੋਟੀਆਂ, ਕਾਟਵੀਆਂ ਅੱਖਾਂ! ਸਾਡੀ ਸਾਰੀ ਦਿਲਚਸਪੀ ਇਹੋ ਕੁੜੀਆਂ ਸਨ, ਤੇ ਸਾਡੀ ਦੋਸਤੀ ਦੀ ਇਹੋ ਤੰਦ।

ਕਾਨਫਰੰਸ ਦੀ ਗਹਿਮਾ ਗਹਿਮੀ ਖ਼ਤਮ ਹੋ ਗਈ। ਅਸੀਂ ਮੁੜ ਕੇ ਆਪਣੇ ਰੋਜ਼ ਦਿਹਾੜੀ ਦੇ ਰੁਝੇਵਿਆਂ ਵਿਚ ਪਰਤ ਆਏ।

ਸਤਿਆਰਥੀ ਮਿਲਦਾ ਤਾਂ ਆਪਣੀ ਕਵਿਤਾ ਕਹਾਣੀ ਸੁਣਾਉਣੀ ਨਾ ਭੁਲਦਾ। ਬਾਅਦ ਵਿਚ ਉਹ ਸੜਕ ਤੇ ਤੁਰਿਆ ਜਾਂਦਾ ਦਿੱਤੇ ਹੋਏ ਸੁਝਾ ਰਬੜ ਨਾਲ ਮਿਟਾ ਰਿਹਾ ਹੁੰਦਾ।

1956 ਵਿਚ ਮੇਰਾ ਵਿਆਹ ਹੋ ਗਿਆ।

ਮੁਕਲਾਵੇ ਦੇ ਦਿਨਾਂ ਵਿਚ ਵੀ ਦੇਵਿੰਦਰ ਸਤਿਆਰਥੀ ਬਿਨਾਂ ਨਾਗਾ ਮੇਰੇ ਘਰ ਆਉਂਦਾ ਤੇ ਰਚਨਾਵਾਂ ਸੁਣਾਉਂਦਾ। ਕੁਝ ਦਿਨਾਂ ਬਾਅਦ ਮੈਨੂੰ ਅਹਿਸਾਸ ਹੋਇਆ ਕਿ ਮੇਰੇ ਮੁਕਲਾਵੇ ਦੇ ਦਿਨ ਨਸ਼ਟ ਹੋ ਰਹੇ ਹਨ।

ਇਕ ਦਿਨ ਮੈਂ ਉਸ ਨਾਲ ਪੱਕੀ ਸੰਧੀ ਕਰ ਲਈ!

"ਨਾ ਕਿਸੇ ਦੀ ਕੋਈ ਰਚਨਾ ਸੁਣਨੀ, ਨਾ ਸੁਣਾਉਣੀ। ਜਿਹੜਾ ਇਸ ਸੰਧੀ ਨੂੰ ਤੋੜੇ ਉਹ—।"

ਇਹ ਸੰਧੀ ਕਾਇਮ ਹੈ, ਤੇ ਕਾਮਯਾਬ ਵੀ।

... ...

ਇਕ ਵਾਰ ਮੈਨੂੰ ਇਕ ਪੰਜਾਬੀ ਕਾਵਿਤ੍ਰੀ ਨੇ ਸੱਦਾ ਦਿੱਤਾ।

ਦੇਵਿੰਦਰ ਸਤਿਆਰਥੀ ਨੇ ਪੁੱਛਿਆ—"ਤਾਰਾ ਸਿੰਘ ਜੀ, ਕਿਥੇ ਜਾ ਰਹੇ ਓ ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਫਲਾਣੀ...ਲੇਖਕਾ ਨੇ ਬੁਲਾਇਆ।" ਮੈਂ ਦਸਿਆ।

"ਅੱਛਾ ਜੀ।" ਸਤਿਆਰਥੀ ਨੇ ਹੌਕਾ ਭਰਿਆ।" ਫੇਰ ਮੇਰਾ ਇਕ ਕੰਮ ਕਰਕੇ ਆਣਾ।"

"ਦੱਸੋ ?"

"ਬਸ, ਜਦੋਂ ਤੁਸੀਂ ਉਹਨਾਂ ਦੇ ਕੋਲ ਪਹੁੰਚ ਜਾਉ, ਤਾਂ ਥੋੜੀ ਜਹੀ ਵਿੱਥ ਰਖ ਕੇ ਮੇਰਾ ਵੀ ਸਲਾਮ ਕਹਿਣਾ।"

"ਥੋੜੀ ਜਹੀ ਵਿੱਥ ਕਿਉਂ ?" ਮੈਂ ਪੁੱਛਿਆ।

ਉਹ ਆਪਣੀਆਂ ਮੁੱਛਾਂ ਹੇਠਾਂ ਖਚਰੀ ਹਾਸੀ ਹੱਸ ਰਿਹਾ ਸੀ। ਸੰਘਣੀ ਲੰਮੀ ਦਾਹੜੀ ਨਾਲ ਉਸਦੇ ਚਿਹਰੇ ਦੀਆਂ ਸਭ ਵਿੱਥਾਂ ਪੂਰੀਆਂ ਗਈਆਂ ਸਨ।

ਦੇਵਿੰਦਰ ਸਤਿਆਰਥੀ ਨਾਲ ਕੀਤੀ ਸੰਧੀ ਦਾ ਇਹ ਫਾਇਦਾ ਹੋਇਆ, ਕਿ ਉਸਨੂੰ ਵਿੱਥ ਤੋਂ ਦੇਖਣ ਦਾ ਆਨੰਦ ਆਇਆ ਹੈ। ਇਹ ਉਸ ਨਾਲ ਪੂਰੀ ਮੁਲਾਕਾਤ ਜਿੰਨਾ ਹੀ ਸਾਰਥਕ ਹੈ, ਤੇ ਇਹ ਵਿੱਥ ਉਨੀ ਹੀ ਹੈ, ਜਿੰਨੀ ਉਸਨੇ ਮੈਨੂੰ ਉਸ ਕਾਵਿਤ੍ਰੀ ਤੋਂ ਰਖਣ ਲਈ ਆਖਿਆ ਸੀ।

... ...

ਸਤਿਆਰਥੀ ਕਿਸੇ ਇਕ ਸ੍ਰੋਤੇ ਉਪਰ ਨਿਰਭਰ ਨਹੀਂ। ਜਿਸਦੀ ਕੋਈ ਗੱਲ, ਜਾਂ ਫਿਕਰਾ, ਜਾਂ ਸ਼ਿਅਰ ਸੁਣ ਕੇ ਉਸਨੇ ਆਪਣੀ ਕਾਪੀ ਵਿਚ ਲਿਖ ਲਿਆ ਸੀ, ਉਹ ਥੋੜ੍ਹੇ ਚਿਰ ਬਾਅਦ ਰਬੜ ਨਾਲ ਮਿਟ ਵੀ ਚੁੱਕਾ ਹੁੰਦਾ ਹੈ। ਇਸ ਤਰ੍ਹਾਂ ਉਹਦੀ ਕਾਪੀ ਰਬੜ ਦੇ ਰਗੜੇ ਸਹਿੰਦੀ ਤੇ ਚੇਪੀਆਂ ਦਾ ਭਾਰ ਚੁਕਦੀ ਗਰਭਵਤੀ ਜਾਪਣ ਲਗਦੀ ਹੈ। ਉਸ ਸਮੇਂ ਦੇਵਿੰਦਰ ਸਤਿਆਰਥੀ ਆਪਣੇ ਲਾਇਬਰੇਰੀ ਨੁਮਾ ਕਮਰੇ, ਜਾਂ ਨਵਯੁਗ ਪ੍ਰੈਸ ਦੇ ਗੋਡਾਊਨ ਵਿਚ ਇਸ ਦਾ ਉਤਾਰਾ ਕਰਦਾ ਲਭ ਸਕਦੇ ਹੋ।

ਇਸ ਤੋਂ ਬਾਅਦ ਦੇਵਿੰਦਰ ਸਤਿਆਰਥੀ ਆਪਣੇ ਲੰਮੇ ਸਿਲਕੀ ਕੋਟ ਵਿਚੋਂ ਬਾਹਰ ਆ ਜਾਂਦਾ ਹੈ।

ਦੇਵਿੰਦਰ ਸਤਿਆਰਥੀ ਨੂੰ ਮੈਂ ਪਹਿਲੀ ਵਾਰ 1949 ਵਿਚ ਬਰਕਤ ਰਾਮ "ਬਰਕਤ" ਦੇ ਘਰ ਪਹਾੜ ਗੰਜ ਦੇਖਿਆ ਸੀ। ਉਸਦੀ ਦਾੜ੍ਹੀ ਕਾਲੀ ਸੀ। ਉਸਨੇ ਪਜਾਮਾ ਤੇ ਲੰਮਾ ਕੋਟ ਪਹਿਨਿਆ ਹੋਇਆ ਸੀ। ਗਲੇ ਵਿਚ ਰੌਲੀ ਫਲੈਕਸ ਕੈਮਰਾ। ਉਹ ਕਾਜੂ ਤੇ ਕਿਸ਼ਮਿਸ਼ ਖਾ ਰਿਹਾ ਸੀ।

ਜਦੋਂ ਕਾਜੂ ਖ਼ਤਮ ਹੋ ਗਏ, ਤਾਂ ਉਸਨੇ ਬਾਰੀਕ ਆਵਾਜ਼ ਵਿਚ ਕਿਹਾ—"ਮਾਫ਼ ਕਰਨਾ, ਐਹ ਕਾਜੂ ਹੋਰ ਮੰਗਵਾ ਲਉ।"

ਮੈਨੂੰ ਉਹਦੀ ਸੁਆਦ-ਅਧੀਨਤਾ ਭਾ ਗਈ।

... ...

ਦੇਵਿੰਦਰ ਸਤਿਆਰਥੀ ਦਾ ਪ੍ਰੇਰਨਾ-ਸ੍ਰੋਤ ਭਾਰਤੀ ਇਤਿਹਾਸ ਮਿਥਿਹਾਸ ਦੀ ਕੁੱਖ ਵਿਚ ਹੈ। ਉਹਦੀਆਂ ਰਚਨਾਵਾਂ ਪੁਰਾਤਨ ਸਾਮਿਗਰੀ ਦੀ ਚਾਸ਼ਨੀ ਨਾਲ ਗੜੁੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀਆਂ ਹਨ। ਉਹ ਇਕੋ ਇਕ ਪੰਜਾਬੀ ਲੇਖਕ ਹੈ ਜਿਸਦੀ ਰਚਨਾ ਵਿਚ ਭਾਰਤੀ ਦਰਸ਼ਨ, ਅਨੁਭਵ, ਤੇ ਇਤਿਹਾਸ ਮਿਥਿਹਾਸ ਦੇ ਪਾਤਰ ਸਾਹ ਲੈਂਦੇ ਹਨ।

ਉਸਦੀ ਸਾਹਿਤਧਾਰਾ ਲੋਕ-ਗੀਤਾਂ ਵਿਚੋਂ ਲੰਘ ਕੇ ਵੇਦ ਤੇ ਪੁਰਾਣ ਤੱਕ ਸਫ਼ਰ ਤੈਅ ਕਰਦੀ ਹੈ। ਪੰਜਾਬੀ ਸਾਹਿਤ ਨੂੰ ਇਹ ਦੇਣ ਅਮੁੱਲੀ ਹੈ।

... ...

1926 ਵਿਚ ਦੇਵਿੰਦਰ ਸਤਿਆਰਥੀ ਮਹਿੰਦਰਾ ਕਾਲਿਜ ਪਟਿਆਲੇ ਦਾਖਲ ਹੋ ਗਿਆ।

ਪਟਿਆਲਾ ਸ਼ਹਿਰ ਸਤਿਆਰਥੀ ਦੇ ਸੁਫ਼ਨਿਆਂ ਨਾਲੋਂ ਸੌੜਾ ਸੀ। ਇਕ ਬਾਰਾਂਦਰੀ, ਤੇ ਇਕ ਨਾਲਾ, ਜੋ ਹਰ ਸੜਕ ਦੇ ਨਾਲ ਨਾਲ ਤੁਰਿਆ ਰਹਿੰਦਾ। ਇਤਿਹਾਸਕਾਰ ਨੇ ਲਿਖਣਾ ਹੋਵੇ, ਤਾਂ ਕਹੇਗਾ, "ਪਟਿਆਲਾ ਸ਼ਹਿਰ ਇਕ ਨਾਲੇ ਦੇ ਕਿਨਾਰੇ ਤੇ ਆਬਾਦ ਹੈ।"

ਦੇਵਿੰਦਰ ਸਤਿਆਰਥੀ ਇਸ ਨਾਲੇ ਨੂੰ ਟੱਪ ਕੇ ਦੂਰ ਖੇਤਾਂ, ਪਗਡੰਡੀਆਂ ਤੇ ਮਲਗੁਜ਼ਾਰਾਂ ਗਾਹੁਣ ਲਈ ਮਚਲਦਾ।

ਜਿਸ ਦਿਨ ਉਸਨੇ ਲਾਹੌਰ ਜਾਣ ਦਾ ਫੈਸਲਾ ਕਰ ਲਿਆ, ਉਸ ਦਿਨ ਇਕ ਘਟਨਾ ਹੋਈ।

ਮਹਿੰਦਰਾ ਕਾਲਜ ਵਿਚ ਕਸੂਰ ਸ਼ਹਿਰ ਦਾ ਇਕ ਮੁੰਡਾ ਦਾਖਲ ਹੋਇਆ—ਕੱਚੇ ਸੰਧੂਰੀ ਅੰਬ ਵਰਗਾ, ਤੇ ਅਮੀਰ। ਹੱਥਾਂ ਦੀਆਂ ਪਤਲੀਆਂ ਲੰਮੀਆਂ ਉਂਗਲਾਂ, ਕਾਤਲ ਅੱਖਾਂ, ਘੱਟ ਬੋਲਦਾ, ਹੋਰ ਵੀ ਚੰਗਾ ਲਗਦਾ।

ਸਤਿਆਰਥੀ ਆਸ਼ਕ ਹੋ ਗਿਆ। ਉਹਨੇ ਪ੍ਰਹਿਲੀ ਵਾਰ ਤਾਰਿਆਂ ਨਾਲ ਗੱਲਾਂ ਕੀਤੀਆਂ। ਉਹਨੂੰ ਮਹਿੰਦਰਾ ਕਾਲਜ ਦੇ ਵਰਾਂਡਿਆਂ ਤੋਂ ਉਸ ਮੁੰਡੇ ਦੇ ਬਦਨ ਦੀ ਸੁਗੰਧ ਆਉਂਦੀ। ਇਸ ਨਾਲ ਉਹ ਧੁਖਦਾ ਰਹਿੰਦਾ।

ਕਾਲਜ ਵਿਚ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ। ਮੁੰਡੇ ਆਪਣੇ ਘਰਾਂ ਨੂੰ ਚਲੇ ਗਏ।

ਛੁੱਟੀਆਂ ਕੱਟ ਕੇ ਦੇਵਿੰਦਰ ਸਤਿਆਰਥੀ ਇਕ ਦਿਨ ਪਹਿਲਾਂ ਹੀ ਮਹਿੰਦਰਾ ਕਾਲਜ ਪੁਜ ਗਿਆ। ਦੂਜੇ ਦਿਨ ਬਾਕੀ ਮੁੰਡੇ ਆਏ। ਪਰ ਉਹ ਮੁੰਡਾ ਨਾ ਆਇਆ।

ਪਤਾ ਲੱਗਾ, ਕਿ ਉਹ ਡੀ, ਏ. ਵੀ. ਕਾਲਜ ਲਾਹੌਰ ਦਾਖਲ ਹੋ ਗਿਆ ਹੈ।
ਫੇਰ ਘਟਨਾਵਾਂ ਛੇਤੀ-ਛੇਤੀ ਹੋਣ ਲਗੀਆਂ:

ਮੁੰਡਾ ਤਿੰਨ ਦਿਨ ਕਾਲਜ ਗਿਆ।
ਮੁੰਡਾ ਇਕ ਦਿਨ ਬੀਮਾਰ ਰਿਹਾ।
ਮੁੰਡਾ ਪੰਜਵੇਂ ਦਿਨ ਮਰ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਖਬਰ ਸੁਣ ਕੇ ਦੇਵਿੰਦਰ ਸਤਿਆਰਥੀ ਟੁੱਟ ਗਿਆ। ਉਹਦਾ ਆਪਣਾ ਆਪ ਬਿਖਰ ਗਿਆ। ਉਹ ਦੁਨੀਆ ਤੋਂ ਉਪਰਾਮ ਹੋ ਸੜਕਾਂ ਤੇ ਘੁੰਮਣ ਲਗਾ।

ਉਸਦੇ ਇਸ਼ਕ ਵਿਚ ਜਿਨਸੀ ਭੁਖ ਦਾ ਤਪਦਾ ਮੱਘਦਾ ਸ਼ੋਰ ਨਹੀਂ ਸੀ, ਸ਼ਾਹ ਹੁਸ਼ੈਨ ਵਾਂਗ ਮਾਧੋ ਲਾਲ ਨੂੰ ਮੋਢਿਆਂ ਤੇ ਚੁੱਕੀ ਫਿਰਨ ਦੀ ਅਮੀਰ ਵਫ਼ਾਦਾਰੀ ਸੀ। ਉਹਦੇ ਸਾਥ ਦਾ ਧੂਣੀ ਵਰਗਾ ਹਲਕਾ ਹਲਕਾ ਨਿੱਘ।

ਉਸ ਮੁੰਡੇ ਦੀ ਮੌਤ ਦੀ ਖ਼ਬਰ ਸੁਣ ਕੇ ਦੇਵਿੰਦਰ ਸਤਿਆਰਥੀ ਨੇ ਮਰ ਜਾਣ ਦਾ ਫ਼ੈਸਲਾ ਕਰ ਲਿਆ।

ਗੁਰੂਦਤ ਭਵਨ, ਰਾਵੀ ਰੋਡ (ਲਾਹੌਰ) ਤੋਂ ਦੇਵਿੰਦਰ ਸਤਿਆਰਥੀ ਮਰਨ ਲਈ ਤੁਰ ਪਿਆ। ਰਾਹ ਵਿਚ ਸੋਚਿਆ—"ਕਿਵੇਂ ਮਰਾਂ ?"

ਮੌਤ ਦਾ ਗਮ ਦਿਮਾਗ਼ ਤੋਂ ਉਸਦੇ ਮੱਥੇ ਤੇ ਅੱਖਾਂ ਵਿਚ ਉਤਰ ਆਇਆ ਸੀ।

ਨੀਲੇ ਗੁੰਬਦ ਕੋਲ ਪੁਜਿਆ ਤਾਂ ਉਹਦੀ ਹਾਲਤ ਪਾਗਲਪਨ ਜਹੀ ਸੀ। ਉਸਨੇ ਰਾਹ ਜਾਂਦੇ ਦੋ ਨੌਜਵਾਨਾਂ ਨੂੰ ਪੁੱਛਿਆ—"ਤੁਸੀਂ ਜ਼ਿੰਦਗੀ ਦਾ ਮਕਸਦ ਦੱਸ ਸਕਦੇ ਹੋ ?"

"ਹਾਂ। ਰੱਬ ਦੇ ਇਕ ਬੰਦੇ ਨੂੰ ਅਸੀਂ ਜਾਣਦੇ ਹਾਂ, ਉਹ ਦੱਸ ਸਕਦੈ।"

"ਇਹਨਾਂ ਨੂੰ ਉਥੇ ਲੈ ਚਲੀਏ ?" ਇਕ ਮੁੰਡੇ ਨੇ ਦੂਜੇ ਨੂੰ ਪੁੱਛਿਆ।

"ਲੈ ਚਲੋ।"

ਉਹਨਾਂ ਦੇ ਨਾਲ ਨਾਲ ਸਥਿਆਰਥੀ ਮੈਕਲੋਡ ਰੋਡ ਦੀ ਇਕ ਕੋਠੀ ਵਿਚ ਦਾਖਲ ਹੋਇਆ। ਛੋਟੀਆਂ ਭਾਰੀਆਂ ਮੁੱਛਾਂ ਵਾਲਾ ਇਕ ਬੰਦਾ ਪੇਚਵਾਨੀ ਹੁੱਕਾ ਪੀ ਰਿਹਾ ਸੀ। ਸ਼ਾਂਤ, ਗੰਭੀਰ, ਨੂਰਾਨੀ ਮੱਥਾ।

"ਹਿੰਦੂ ਏਂ ?" ਉਹਨੇ ਨੜੀ ਇਕ ਪਾਸੇ ਕਰਕੇ ਦੇਵਿੰਦਰ ਸਤਿਆਰਥੀ ਨੂੰ ਪੁੱਛਿਆ।

"ਬੰਦਾ ਹਾਂ। ਹਿੰਦੂ ਈ ਕਹਿ ਲਉ।" ਦੇਵਿੰਦਰ ਸਤਿਆਰਥੀ ਅੰਦਰੋਂ ਟੁੱਟਾ ਪਿਆ ਸੀ।

"ਮਸਲਾ-ਇ-ਤਨਾਸੁਖ (ਮਰਨ ਜੰਮਣ) ਵਿਚ ਯਕੀਨ ਹੈ ?" ਪ੍ਰਭਾਵਸ਼ਾਲੀ ਆਵਾਜ਼ ਨੇ ਪੁੱਛਿਆ।

"ਹਾਂ ਈਂ ਸਮਝੋ।" ਸਤਿਆਰਥੀ ਬੋਲਿਆ।

ਉਸ ਵਿਅਕਤੀ ਨੇ ਬੋਲਣਾ ਸ਼ੁਰੂ ਕੀਤਾ—"ਮਰਨ ਤੋਂ ਬਾਅਦ ਤਿੰਨ ਹਾਲਤਾਂ ਹੋ ਸਕਦੀਆਂ ਹਨ—ਅੱਜ ਨਾਲੋਂ ਚੰਗੀ, ਜਾਂ ਅਜ ਵਰਗੀ, ਤੇ ਜਾਂ ਅੱਜ ਨਾਲੋਂ ਵੀ ਭੈੜੀ। ਤਦ ਉਸ ਤੀਜਾ ਹਿੱਸਾ ਚੰਗੀ ਹਾਲਤ ਦੀ ਉਮੀਦ ਵਿਚ ਮੈਂ ਤਾਂ ਮਰਨ ਵਾਲਾ ਕਦਮ ਕਦੀ ਨਾ ਪੁੱਟਾਂ।"

ਉਸ ਪ੍ਰਭਾਵੀ ਆਵਾਜ਼ ਵਾਲੇ ਸ਼ਖਸ ਨੇ ਦੇਵਿੰਦਰ ਸਤਿਆਰਥੀ ਦੀਆਂ ਅੱਖਾਂ ਵਿਚ ਝਾਕਿਆ! ਫੇਰ ਹੁੱਕੇ ਦੇ ਕਸ਼ ਲਾਉਣ ਲਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵਿੰਦਰ ਸਤਿਆਰਥੀ ਦੀ ਤਸੱਲੀ ਹੋ ਗਈ । "ਓ...ਹੋ...ਹਾਂ...ਹਾਂ ਹਾਂ !"

ਜਿਹੜੇ ਨੌਜਵਾਨ ਦੇਵਿੰਦਰ ਸਤਿਆਰਥੀ ਨੂੰ ਨਾਲ ਲੈ ਕੇ ਆਏ ਸਨ, ਬਾਹਰ ਆਣ ਕੇ ਉਨ੍ਹਾਂ ਨੇ ਦੱਸਿਆ, ਕਿ ਉਹ ਪ੍ਰਸਿੱਧ ਸ਼ਾਇਰ ਡਾ: ਇਕਬਾਲ ਸੀ ।

... ...

ਤਪਾ ਰੇਲਵੇ ਸਟੇਸ਼ਨ ਤੋਂ ਜੰਮੂ, ਸ੍ਰੀ ਨਗਰ, ਪੰਜ ਤਰਨੀ, ਅਮਰਨਾਥ ਤੇ ਮੁੜ ਕੇ ਭਦੌੜ । ਦੇਵਿੰਦਰ ਸਤਿਆਰਥੀ ਦੀ ਘਰੋਂ ਗ਼ੈਰ ਹਾਜ਼ਰੀ ਦੀ ਸਪੀਡ ਦੇਖੀ. ਤਾਂ ਉਹਨਾਂ ਦੇ ਪਿਤਾ ਨੇ ਤੁਰੰਤ ਜਗਰਾਵਾਂ ਦੀ ਸ਼ਾਂਤੀ ਦੇਵੀ ਨਾਲ ਵਿਆਹ ਕਰਕੇ ਭਗੌੜੇ ਪੁੱਤਰ ਨੂੰ "ਨੱਥ" ਪਾ ਦਿੱਤੀ, ਤੇ ਬੜੌਦਾ ਕਲਾ ਭਵਨ ਵਿਚ ਭੇਜ ਦਿੱਤਾ । ਇਥੇ ਉਹ ਆਪਣੇ ਭਰਾ ਤੇ ਭਰਜਾਈ ਕੋਲ ਰਹਿਣ ਲੱਗਾ ।

ਭਰਜਾਈ ਦੇਸੀ ਘਿਉ ਨਾਲ ਛੌਂਕ ਕੇ ਕੜ੍ਹੀ ਬਣਾਉਂਦੀ । ਸਤਿਆਰਥੀ ਉਂਗਲਾਂ ਚੱਟਦਾ ਰਹਿ ਜਾਂਦਾ । ਪਰ ਉਹ ਕਹਿੰਦਾ—"ਭਰਜਾਈ, ਕੜ੍ਹੀ ਵਿਚ ਗੁੜ ਕਿਉਂ ਪਾ ਦਿੰਦੀ ਏਂ ?"

ਇਕ ਦਿਨ ਭਰਜਾਈ ਕਿਤੇ ਗਈ ਹੋਈ ਸੀ । ਸਤਿਆਰਥੀ ਨੇ ਸੋਚਿਆ, ਬਿਨਾਂ ਗੁੜ ਦੀ ਕੜ੍ਹੀ ਬਣਾਈ ਜਾਵੇ ।

ਉਹਨੇ ਕੜ੍ਹੀ ਬਣਾਉਣ ਦੀ ਥਾਂ "ਕੜ੍ਹੀ ਘੋਲਣੀ" ਸ਼ੁਰੂ ਕਰ ਦਿੱਤੀ । ਲੱਸੀ ਘੱਟ, ਦੇਸੀ ਘਿਓ ਬਹੁਤਾ ! ਮੁੱਠ ਭਰ ਕੇ ਲੂਣ ਪਾ ਦਿੱਤਾ ।

ਭਰਜਾਈ ਨੇ ਦੇਖਿਆ, ਤਾਂ ਚਿਮਟਾ ਫੜ ਲਿਆ । ਅੱਗੋਂ ਦੇਵਿੰਰ ਸਤਿਆਰਥੀ ਵੀ ਤਕੜਾ ਸੀ । ਉਹਨੇ ਭਰਜਾਈ ਨੂੰ ਢਾਹ ਕੇ ਵਾਹਵਾ ਠੁਕਾਈ ਕੀਤੀ ।

ਤਦ ਭਰਜਾਈ ਨੇ ਕਿਹਾ—"ਆ, ਮੈਂ ਤੈਨੂੰ ਕੜ੍ਹੀ ਬਣਾਉਂਣੀ ਸਿਖਾਵਾਂ ।"

... ...

ਲੋਕ ਗੀਤ ਇਕੱਤਰ ਕਰਨ ਵਾਲੇ ਦੇਵਿੰਦਰ ਸਤਿਆਰਥੀ ਨੇ ਕਈ ਕੰਮ ਕੀਤੇ । ਅੰਮ੍ਰਿਤਸਰ ਵਿਚ ਹਾਕਰ ਬਣ ਕੇ ਅਖ਼ਬਾਰਾਂ ਵੇਚੀਆਂ, ਟੈਲੀਫੂਨ ਆਪਰੇਟਰ ਬਣਿਆ, ਲਾਹੌਰ ਪੱਥਰਾਂ ਵਾਲੇ ਗੁਰਦਿਤ ਸਿੰਘ ਐਂਡ ਸਨਜ਼ ਦੇ ਕਾਰਖਾਨੇ ਵਿਚ ਸਿਲਾਂ ਘਿਸਾਈਆਂ, ਟਾਟਾ ਨਗਰ ਲੋਹੇ ਦੀਆਂ ਚਾਦਰਾਂ ਢੋ ਕੇ ਹੱਥ ਲਹੂ ਲੁਹਾਣ ਕਰ ਲਏ । ਰੰਡੀਆਂ ਨੂੰ ਪੀਹਣਾ ਪੈ ਗਿਆ ।

1929 ਵਿਚ ਦੇਵਿੰਦਰ ਸਤਿਆਰਥੀ ਲਾਹੌਰ ਦੀ ਇਤਿਹਾਸਕ ਕਾਂਗਰਸ ਵਿਚ ਸ਼ਾਮਲ ਹੋਇਆ । ਇਥੇ ਭਾਰਤੀ ਨੇਤਾਵਾਂ ਨੇ "ਪੂਰਨ ਸਵਰਾਜ" ਦਾ ਪ੍ਰਸਤਾਵ ਪਾਸ ਕੀਤਾ । ਦੇਵਿੰਦਰ ਸਤਿਆਰਥੀ ਨੇ ਵੀ ਰਾਵੀ ਦਰਿਆ ਦੇ ਕੰਢੇ ਖਲੋ ਕੇ ਪ੍ਰਣ ਕੀਤਾ, ਕਿ ਅੱਗੋਂ ਨੂੰ ਕਿਸੇ ਦੀ ਨੌਕਰੀ ਨਹੀਂ ਕਰਨੀ ।

... ...

1960 ਵਿਚ ਪੰਜਾਬੀ ਲਿਟਰੇਰੀ ਲੀਗ ਲਾਹੌਰ, (ਪਾਕਿਸਤਾਨ) ਤੋਂ ਦੇਵਿੰਦਰ ਸਤਿਆਰਥੀ, ਹਾਜ਼ਾਰਾ ਸਿੰਘ ਗੁਰਦਾਸਪੁਰੀ ਤੇ ਮੈਨੂੰ, ਇੰਡੋ ਪਾਕ ਰਾਈਟਰਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨਫਰੰਸ ਵਿਚ ਭਾਗ ਲੈਣ ਲਈ ਸੱਦਾ ਮਿਲਿਆ। ਅਸੀਂ ਪਾਸਪੋਰਟ ਬਣਵਾਏ, ਤੇ ਲਾਹੌਰ ਪਹੁੰਚ ਗਏ।

ਸਾਡੇ ਨਾਲ ਪ੍ਰਸਿੱਧ ਨ੍ਰਤਕੀ ਯਾਮਿਨੀ ਕ੍ਰਿਸ਼ਨਾ ਮੂਰਤੀ ਨੂੰ.ਵੀ ਬੁਲਾਇਆ ਗਿਆ ਸੀ। ਜਿਸਦਾ ਨ੍ਰਿੱਤ ਦੇਖ ਕੇ ਸਾਰਾ ਲਾਹੌਰ ਦੰਗ ਰਹਿ ਗਿਆ।

ਮੈਂ ਪਹਿਲੀ ਵਾਰ ਲਾਹੌਰ ਦੇਖਿਆ ਸੀ।

ਸਤਿਆਰਥੀ ਨੂੰ ਉਸਦੇ ਪੁਰਾਣੇ ਜਾਣਕਾਰ ਮਿਲਦੇ, ਤੇ ਜੱਫੀ ਪਾ ਕੇ ਖੁਸ਼ ਹੁੰਦੇ। ਚੌਧਰੀ ਨਜ਼ੀਰ, ਸ਼ੋਰਸ਼ ਕਾਸ਼ਮੀਰੀ, ਹੱਸਾਮ ਉਦੀਨ, ਮੀਆਂ ਬਸ਼ੀਰ ਅਹਿਮਦ ਤੇ ਹੋਰ ਬਹੁਤ ਸਾਰੇ ਲੋਕਾਂ ਨੇ ਜੱਫੀਆਂ ਪਾਈਆਂ ਤੇ ਸਤਿਆਰਥੀ ਦੀ ਦਾੜ੍ਹੀ ਦੇ ਜਲੌ ਨੂੰ ਸਲਾਮ ਕੀਤਾ।

ਸਾਹਿਤਕ ਬੈਠਕਾਂ, ਤੇ ਨ੍ਰਿੱਤ ਸਮਾਰੋਹ, ਸਨਮਾਨ ਦੀਆਂ ਮਹਿਫ਼ਲਾਂ, ਖਾਣੇ, ਤੇ ਚਾਹ ਪਾਰਟੀਆਂ ਪੰਦਰਾਂ ਦਿਨ ਚਲਦੀਆਂ ਰਹੀਆਂ।

ਅਸੀਂ ਪਾਕਿਸਤਾਨੀ ਦੋਸਤਾਂ ਕੋਲੋਂ ਛੁੱਟੀ ਲਈ। ਸਤਿਆਰਥੀ ਨੇ ਕਿਹਾ, "ਮੈਂ ਤਾਂ ਘਰੋਂ ਮਸਾਂ ਨਿਕਲਿਆ ਹਾਂ। ਅਜੇ ਵਾਪਸ ਨਹੀਂ ਜਾਵਾਂਗਾ।"

ਅਸੀਂ ਦਿੱਲੀ ਆ ਗਏ।

ਸਤਿਆਰਥੀ ਕਈ ਮਹੀਨੇ ਪਾਕਿਸਤਾਨੀ ਦੋਸਤਾਂ ਕੋਲ ਰਿਹਾ।

ਦਿੱਲੀ ਵਿਚ ਉਸਦੀ ਸਭ ਤੋਂ ਵੱਡੀ ਧੀ "ਕਵਿਤਾ" ਬੀਮਾਰ ਹੋ ਗਈ। ਉਸਨੇ ਇਕ ਬੱਚੀ ਨੂੰ ਜਨਮ ਦਿੱਤਾ ਤੇ ਸਦਾ ਲਈ ਅੱਖਾਂ ਮੀਟ ਗਈ।

ਦੇਵਿੰਦਰ ਸਤਿਆਰਥੀ ਦਾ ਕੋਈ ਪਤਾ ਨਹੀਂ ਸੀ ਕਿਥੇ ਹੈ! ਉਸਨੂੰ ਲੱਭਣ ਲਈ ਪਾਕਿਸਤਾਨੀ ਦੂਤਾਵਾਸ ਦੇ ਉਚੇ ਅਧਿਕਾਰੀਆਂ ਤਕ ਪਹੁੰਚ ਕੀਤੀ ਗਈ। ਸੂਹ ਲਗੀ ਕਿ ਦੇਵਿੰਦਰ ਸਤਿਆਰਥੀ ਲਾਹੌਰ ਤੋਂ ਕਰਾਚੀ ਚਲਾ ਗਿਆ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਉਸਨੂੰ ਲੱਭ ਕੇ ਉਹਦੀ ਬੇਟੀ ਦੇ ਮਰਨ ਦੀ ਖ਼ਬਰ ਦਿੱਤੀ। ਸਤਿਆਰਥੀ ਵਾਪਸ ਆ ਗਿਆ। ਮੈਂ ਉਹਦੇ ਘਰ ਅਫਸੋਸ ਕਰਨ ਲਈ ਗਿਆ।

ਕੁੜਮਾਂ ਵਲੋਂ ਆਈਆਂ ਅੱਠ ਦਸ ਜ਼ਨਾਨੀਆਂ ਉਹਦੇ ਕੋਲ ਬੈਠੀਆਂ ਸਨ। ਸਤਿਆਰਥੀ ਦੀ ਪਤਨੀ ਗ਼ਮ ਵਿਚ ਨਿਢਾਲ ਅੰਦਰ ਪਈ ਸੀ।

ਮੈਂ ਬੈਠ ਗਿਆ। "ਕਦੋਂ ਆਏ ਤੁਸੀਂ ?" ਮੈਂ ਪੁੱਛਿਆ।

"ਮੈਂ ਕੱਲ੍ਹ ਰਾਤੀਂ ਆਇਆ ਹਾਂ। ਕਰਾਚੀ ਵਿਚ ਮੈਨੂੰ ਖ਼ਬਰ ਮਿਲੀ। ਦਰਅਸਲ ਪਾਕਿਸਤਾਨ ਦੇ ਕਿਸੇ ਅਖ਼ਬਾਰ ਨੇ ਛਾਪੀ ਸੀ ਤੇ ਮੈਨੂੰ ਕਿਸੇ ਵਾਕਿਫ਼ ਨੇ ਦੱਸੀ। ਮੈਂ ਤਾਂ ਅਖ਼ਬਾਰ ਦੇਖਦਾ ਨਹੀਂ।" ਉਸਨੇ ਲੰਮੇ ਵਿਸਥਾਰ ਨਾਲ ਦੱਸਿਆ।

"ਬਹੁਤ ਅਫ਼ਸੋਸ ਹੋਇਆ।" ਮੈਂ ਸੰਜੀਦਗੀ ਨਾਲ ਕਿਹਾ।

"ਹਾਂ! ਉਹ ਤਾਂ ਜੀ ਰੱਬ ਦੀ ਮਰਜ਼ੀ ਐ। ਮੈਂ ਇਕ ਕਵਿਤਾ ਰਸਤੇ ਵਿਚ ਉਹਦੀ ਮ੍ਰਿਤੂ ਬਾਰੇ ਲਿਖੀ ਹੈ। ਜ਼ਰਾ ਕੁ ਦੇਖਣਾ।"

ਉਹਨੇ ਚੇਪੀਆਂ ਲਗੀ ਕਾਪੀ ਕੱਢਦਿਆਂ ਆਖਿਆ—"ਰਤਾ ਕੁ ਨੇੜੇ ਹੋ ਜਾਓ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਵਿਤਾ ਸੁਣਾਉਣ ਲਗਾ। ਜ਼ਨਾਨੀਆਂ ਦੇ ਪੱਲੇ ਕੁਝ ਨਹੀਂ ਸੀ ਪੈ ਰਿਹਾ।

ਮੈਂ ਅਫ਼ਸੋਸਨਾਕ ਵਾਤਾਵਰਣ ਵਿਚ ਸ਼ੇਅਰ ਸੁਣ ਕੇ ਨਾ "ਵਾਹ" ਕਹਿ ਸਕਾਂ, ਨਾ "ਆਹ।" ਅਜੀਬ ਹਾਲਤ ਵਿਚ ਫਸ ਗਿਆ।

... ...

ਦੇਵਿੰਦਰ ਸਤਿਆਰਥੀ ਦੀ ਆਵਾਜ਼ 'ਚੀਕ' ਤੇ 'ਖੱਰਾਟੇ' ਦੇ ਵਿਚਕਾਰ ਜਹੀ ਹੈ। ਕਦੀ ਉਚੀ ਕਦੀ ਹਲਕੀ, ਕਦੀ ਗੰਭੀਰ ਕਦੀ ਚੱਟਪਟੀ।

ਉਹ ਕਹਾਣੀ ਇਸ ਤਰ੍ਹਾਂ ਸੁਣਾਉਂਦਾ ਹੈ, ਜਿਵੇਂ ਘੱਟ ਪੜ੍ਹਿਆ ਪੰਡਿਤ ਕਥਾ ਕਰ ਰਿਹਾ ਹੋਵੇ। ਵਿਚ "ਐਂ, ਊਂ...ਹਾਂ" ਵੀ ਕਹਿੰਦਾ ਜਾਂਦਾ ਹੈ: ਤੇ ਸਪੈਲਿੰਗ ਸੁਧਾਰ ਵੀ ਜਾਰੀ ਰਖਦਾ ਹੈ :

"ਲੋਕਯਾਨ ਨੇ ਚੁਟਕੀ ਐਂ, ਚੁਟਕੀ ਭਰੀ। ਕਾਲੀ ਬਿੱਲੀ ਭੂਰੀ ਬਿੱਲੀ ਦੀ ਬਾਪੂ, ਆਂ, ਨਹੀਂ ਹਾਂ, ਪੂਛਲ ਫੜ ਕੇ ਨਿਮਾਜ਼ ਅਦਾ ਕਰਨ ਲਗੀ। ਲੋਕਯਾਨ ਨੂੰ ਗੁਰੂਦੇਵ ਦਾ ਧਿਆਨ ਆਇਆ ਤਾਂ ਉਸਨੇ ਐਂ ਐਂ ਉਸ ਨੇ...ਐਂ, ਹਾਂ, ਉਹਦੀ ਯਾਤਰਾ, ਹਾਂ, ਨਹੀਂ, ਉਹਨਾਂ ਦੀ ਨਸੀਹਤ ਦੀ ਯਾਦ ਆ ਗਈ।"

ਸੁਣਾਉਂਦਾ ਹੋਇਆ, ਉਹ ਦਾਹੜੀ ਮੁੱਛਾ ਤੇ ਸਿਰ ਦੇ ਵਾਲਾਂ ਵਿਰਕਾਰਲੇ ਰਕਬੇ ਨੂੰ, ਜੋ ਕਿ ਥੋੜ੍ਹਾ ਈ ਹੈ, ਸਕੋੜਦਾ, ਤੀਊੜੀਆਂ ਪਾਉਂਦਾ, ਪਿਘਲਾਉਂਦਾ ਹੈ। ਉਹਦਾ ਲੰਮਾ ਨੱਕ, ਕਦੀ ਮੁੜਦਾ ਹੈ, ਕਦੀ ਗੱਲ੍ਹਾਂ ਨੂੰ "ਅੰ" ਟਿੱਪੀ ਵਿਚ ਬਦਲਦਾ ਹੈ। ਖੂਬਸੂਰਤ ਨਾਜ਼ਕ ਹੋਂਦ ਮੁੱਛਾਂ ਦਾ ਭਾਰ ਚੁੱਕੀ ਜ਼ਰਬ ਤਕਸੀਮ ਕਰਦੇ ਲਗਦੇ ਹਨ।

... ...

ਲਾਹੌਰ ਇਕ ਦਿਨ ਅਸੀਂ ਅਨਾਰ ਕਲੀ, ਵਿਚ ਤੁਰੇ ਜਾ ਰਹੇ ਸੀ। ਇਕ ਬੁਰਕੇ ਵਾਲੀ ਤੀਵੀਂ ਕੋਲੋਂ ਲੰਘੀ। ਸਤਿਆਰਥੀ ਨੇ ਉਹਦੇ ਕੋਲ ਜਾ ਕੇ ਕਿਹਾ—"ਲਾਹੌਰ, ਤੇ ਲਾਹੌਰ ਵਾਸੀਆਂ ਲਈ ਸਾਡਾ ਸਲਾਮ ਕਬੂਲ ਕਰੋ।"

ਪਤਾ ਨਹੀਂ ਉਹ ਜ਼ਨਾਨੀ ਕੀ ਸੋਚ ਕੇ ਚੁੱਪ ਰਹੀ!

... ...

ਲੋਕ ਗੀਤ ਇਕੱਠੇ ਕਰਦਾ ਦੇਵਿੰਦਰ ਸਤਿਆਰਥੀ ਗੋਹਾਟੀ ਵਿਚ ਜਾਦੂਗਰ ਨਾਗਿਆਂ ਦੇ ਟੇਟੇ ਚੜ੍ਹ ਗਿਆ।

ਸਤਿਆਰਥੀ ਨੂੰ ਨਾਗਾ ਮੁਖੀਏ ਨੇ ਪੁੱਛਿਆ—" ਤੂੰ ਭੂਤਾਂ ਵਿਚ ਯਕੀਨ ਰਖਦੈਂ ਬਾਵਾ?

ਸਤਿਆਰਥੀ ਨੇ ਇਨਕਾਰ ਕੀਤਾ। ਕਿਉਂਕਿ ਉਹ ਆਰੀਆ ਸਮਾਜੀਆਂ ਦੇ ਪ੍ਰਭਾਵ ਹੇਠ ਜੰਮਿਆ ਪਲਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਗਾ ਮੁਖੀਏ ਨੇ ਸਤਿਆਰਥੀ ਨੂੰ ਰਾਤ ਆਪਣੇ ਕੋਲ ਠਹਿਰਨ ਦਾ ਸੱਦਾ ਦਿੱਤਾ ।

ਰੋਟੀ ਟੁੱਕ ਖਾਣ ਤੋਂ ਬਾਦ ਕਾਫ਼ੀ ਦੇਰ ਲੋਕ ਗੀਤਾਂ ਬਾਰੇ ਤੇ ਦੂਜੀਆਂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ । ਰਾਤ ਦਾ ਇਕ ਵੱਜ ਗਿਆ ।

ਅਚਾਨਕ ਉਸ ਨਾਗੇ ਦੀ ਛੱਪਰੀ ਦੇ ਨਾਲ ਖਾਲੀ ਥਾਂ ਵਿਚ ਰੌਲਾ ਪੈਣ ਲਗਾ । ਡੱਫਾ ਵੱਜਣ ਲੱਗੀਆਂ, ਨਰਸਿੰਙੇ ਗੂੰਜ ਪਏ । ਲੰਮੇ ਲੰਮੇ ਕਾਲੇ ਸਿਆਹ ਬੁੱਤ ਹਨੇਰੇ ਵਿਚ ਹੱਥ ਹਿਲਾਉਂਦੇ ਨੱਚਣ ਲਗੇ । ਚਮਗਿੱਦੜਾਂ ਦੀਆਂ ਸੀਟੀਆਂ ਤੇ ਦੈਂਤਾਂ ਦੇ ਹਿੜਹੜਾਉਣ ਦੀਆਂ ਆਵਾਜ਼ਾਂ ਆਉਣ ਲੱਗੀਆਂ । ਖੌਫ਼ਨਾਕ ਚੰਘਾੜਾਂ । ਸਾਰੇ ਘਬਰਾ ਗਏ । ਮਸ਼ਾਲਾਂ ਦਾ ਨਾਚ ! ਹਨੇਰੇ ਵਿਚ ਸਿਵੇ ਦਹਿਕਦੇ ਦਿਸਣ । ਕਲਜੋਗਣਾਂ ਦੀਆਂ ਲੂਹਰੀਆਂ ਸੁਣ ਕੇ ਭੱਜੇ । ਆਪਣੇ ਤੀਰ ਕਮਾਣ ਤੇ ਗੰਡਾਸੀਆਂ ਫੜੀ ਹੌਂਕਣ ਲਗੇ ।

ਦੇਵਿੰਦਰ ਸਤਿਆਰਥੀ ਨਿਹੱਥਾ, ਸਹਿਮ ਕੇ ਨਾਗੇ ਮੀਜ਼ਬਾਨ ਦੇ ਨਾਲ ਲੱਗ ਗਿਆ ।

ਮੁਖੀਏ ਨੇ ਪੁੱਛਿਆ—''ਤੂੰ ਭੂਤਾਂ ਵਿਚ ਯਕੀਨ ਰਖਦੈਂ ?''

ਸਤਿਆਰਥੀ ਦੀ ''ਹਾਂ'' ਕਹਿਣ ਲਈ ਆਵਾਜ਼ ਨਹੀਂ ਸੀ ਨਿਕੱਲਦੀ ।

... ...

1931 ਵਿਚ ਦੇਵਿੰਦਰ ਸਤਿਆਰਥੀ ਆਪਣੀ ਪਤਨੀ ਨੂੰ ਨਾਲ ਲੈ ਕੇ ਬਰਨਾਲੇ ਤੋਂ ਕਲਕੱਤੇ ਪੁਜਾ, ਇਥੋਂ ਜਗਨਨਾਥ ਪੁਰੀ । ਇਥੇ ਇਕ ਧਰਮ ਸ਼ਾਲਾ ਵਿਚ ਡੇਰਾ ਲਾਇਆ ।

ਲੋਕ ਮਾਤਾ (ਸ਼ਾਂਤੀ ਦੇਵੀ) ਰਸੋਈ ਬਣਾ ਦਿੰਦੀ ; ਦੇਵਿੰਦਰ ਸਤਿਆਰਥੀ ਲੋਕ ਗੀਤ ਤੇ ਧੰਨ ਇਕੱਤਰ ਕਰਨ ਚਲਾ ਜਾਂਦਾ ।

ਇਕ ਸ਼ਾਮ ਜਦੋਂ ਉਹ ਪਰਤਿਆ, ਤਾਂ ਲੋਕ ਮਾਤਾ ਰੋਈ ਜਾਵੇ । ਸਤਿਆਰਥੀ ਨੇ ਮਸਾਂ ਮਸਾਂ ਉਸਨੂੰ ਵਰਾਇਆ । ਰੋਣ ਦਾ ਕਾਰਨ ਪੁੱਛਿਆ ।

ਉਹਨੇ ਦੱਸਿਆ ਕਿ ਇਕ ਬੰਦਰ ਕਾਂਸੀ ਦੀ ਕੌਲੀ ਖੋਹ ਕੇ ਲੈ ਗਿਆ ।

ਸਤਿਆਰਥੀ ਦੀ ਜਾਨ ਵਿਚ ਜਾਨ ਆਈ ।

ਧਰਮਸ਼ਾਲਾ ਦੇ ਮਹੰਤ ਨੇ ਆਖਿਆ—''ਭੁੱਜੇ ਹੋਏ ਛੋਲੇ ਕੋਲ ਰੱਖੋ, ਜਦੋਂ ਬੰਦਰ ਕੋਈ ਚੀਜ਼ ਖੋਹ ਕੇ ਲੈ ਜਾਵੇ, ਤਾਂ ਉਸਨੂੰ ਛੋਲੇ ਪਾ ਦਿਓ । ਉਹ ਖੋਹੀ ਹੋਈ ਚੀਜ਼ ਵਾਪਸ ਕਰ ਜਾਂਦਾ ਹੈ ।''

ਦੇਵਿੰਦਰ ਸਤਿਆਰਥੀ ਨੇ ਬਾਂਦਰ ਤੋਂ ਕੌਲੀ ਵਾਪਸ ਲੈਣ ਦਾ ਗੁਰ ਇਥੇ ਹੀ ਸਿਖਿਆ ।

ਮੰਟੋ ਨੇ ਦੇਵਿੰਦਰ ਸਤਿਆਰਥੀ ਨੂੰ ਫਰਾਡ ਕਿਹਾ ਸੀ । ਮੰਟੋ ਫਿਕਰੇਬਾਜ਼ ਸੀ, ਬੜਬੋਲਾ ਤੇ ਪਿਆਰਾ ਵੀ ।

ਦੇਵਿੰਦਰ ਸਤਿਆਰਥੀ ਦਾ ਗੁਣ ਜਾਂ ਔਗੁਣ ਹੀ ਇਹ ਹੈ, ਕਿ ਉਹ ਫਰਾਡ ਨਹੀਂ । ਜੇ ਉਹ ਫਰਾਡ ਹੁੰਦਾ, ਤਦ ''ਇਕੱਨੀ'' ਜਿਹੀ ਕਹਾਣੀ ਨਾ ਲਿਖ ਸਕਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਭੁੱਖਾ ਹੈ ਬੰਗਾਲ'' ਤੇ ''ਹਾਤੋ'' ਵਰਗੀ ਕਵਿਤਾ ਨਾ ਲਿਖ ਸਕਦਾ। ਉਹ ਵੀ ਤਵਾਇਫ਼ਾਂ ਦੇ ਪੱਟਾਂ ਤੇ ਸ਼ਰਾਬ ਡੋਲ੍ਹਕੇ ਚੱਟਦਾ ਤੇ ''ਅਗਾਂਹ ਵਧੂ'' ਕਹਾਣੀਕਾਰ ਹੋਣ ਦਾ ਦਾਹਵਾ ਕਰਦਾ।

ਦੇਵਿੰਦਰ ਸਤਿਆਰਥੀ ਦੀਆਂ ਰਚਨਾਵਾਂ ਵਿਚ ਬੇਸ਼ੁਮਾਰ ਰੰਗ ਹਨ—ਅੱਧੇ ਰੰਗ, ਪੌਣੇ ਰੰਗ, ਪੂਰੇ ਰੰਗ। ਕਿਤੇ ਕਿਤੇ ਇਹਨਾਂ ਰੰਗਾਂ ਦੀਆਂ ਕੇਵਲ ਤੁਰੀਆਂ ਹੀ ਚਮਕਦੀਆਂ ਹਨ। ਉਹਨਾਂ ਦੇ ਸੁਮੇਲ ਤੇ ਗਤੀ ਨਾਲ ਹਜ਼ਾਰਾਂ ਅਧਭੁਤ ਰੰਗ ਵਜੂਦ ਵਿਚ ਆ ਆ ਕੇ ਖੁਰਦੇ ਜਾਂਦੇ ਹਨ।

ਦੇਵਿੰਦਰ ਸਤਿਆਰਥੀ ਧਰਤੀ ਹੈ, ਪਹਾੜ ਹੈ, ਜੰਗਲ ਹੈ। ਉਸਦੀ ਨਿਗਾਹ ਦੀ ਬਸਾਤ ਲੋਕਗੀਤ ਤੋਂ ਵੇਦ ਤੀਕ ਫੈਲੀ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਈਕਲ ਸਵਾਰ ਕਵੀ

ਖਾਕੀ ਬੁਸ਼ੱਰਟ, ਢੱਕਣਾਂ ਵਾਲੀਆਂ ਜੇਬਾਂ, ਨਿੱਕਰ, ਕੁੱਕੜ-ਕਲਗੀ ਪੱਗ, ਡੋਰ ਨਾਲ ਕੱਸ ਕੇ ਬੱਧੀ ਦਾੜ੍ਹੀ । ਜਦੋਂ ਮੈਂ ਬਿਸ਼ਨ ਸਿੰਘ "ਉਪਾਸ਼ਕ" ਨੂੰ ਪਹਿਲੀ ਵਾਰ ਦੇਖਿਆ, ਤਾਂ ਉਹ ਛੁੱਟੀ ਆਇਆ ਮੈੱਸ ਦਾ ਝਟਕਈ ਲਗਦਾ ਸੀ ।

ਸਬਜ਼ੀ ਮੰਡੀ ਦੀ ਵਰਕਸ਼ਾਪ ਵਿਚ ਉਹ ਫੱਟਿਆਂ ਦੀ ਧਾਰ ਲਾ ਰਿਹਾ ਸੀ । ਉਹਦੇ ਠੀਹੇ ਉਪਰ ਗੁਣੀਆਂ, ਚੌਰਸੀ, ਆਰੀ, ਦੁਫੁੱਟਾ ਤੇ ਬਰਮੀ ਕਮਾਣਚਾ ਖਿਲਰੇ ਪਏ ਸੀ । ਡੱਬੇ ਵਿਚ ਗਰਮ ਹੋ ਰਹੇ ਸਰੇਸ਼ ਦੀ ਗਾੜ੍ਹੀ ਬੋ ਨੱਕ ਨੂੰ ਚੜ੍ਹ ਰਹੀ ਸੀ । ਉਪਾਸ਼ਕ ਦੀਆਂ ਲਾਖੀਆਂ ਬਾਹਵਾਂ ਦੀ ਲੂਈਂ ਬੁਰਾਦੇ ਵਿਚ ਅਟੀ ਹੋਈ ਸੀ ।

ਮੇਰੀ ਵਲ ਦੇਖ ਕੇ ਉਹਨੇ ਪੁੱਛਿਆ—"ਕੀ ਲੈਣਾ ?"

"ਕੁਛ ਨਹੀਂ ।"

ਉਸ ਨੇ ਮੈਨੂੰ ਘੂਰਿਆ । ਮੈਂ ਵਰਕਸ਼ਾਪ ਦਾ ਕੋਈ ਕਰਿੰਦਾ ਤਾਂ ਨਹੀਂ ਸੀ ਲਗਦਾ, ਫੇਰ ਮੇਰਾ ਇਥੇ ਕੀ ਕੰਮ ? ਸ਼ਾਇਦ ਉਹਨੇ ਸੋਚਿਆ ਹੋਵੇ ।

ਉਪਾਸ਼ਕ ਨੇ ਕੰਮ ਵਿਚ ਰੁੱਝਣ ਦਾ ਜਤਨ ਕੀਤਾ । ਫੇਰ ਠੀਹਾ ਛੱਡ ਕੇ ਮੇਰੇ ਸਾਹਮਣੇ ਖਲੋ ਗਿਆ ।

'ਉੱਕੜ-ਦੁੱਕੜ ਭੱਬਾ ਭੌ ।" ਮੈਂ ਅਚਾਨਕ ਉਹਦੀ ਇਕ ਕਵਿਤਾ ਦਾ ਮਿਸਰਾ ਕਹਿ ਦਿੱਤਾ ।

"ਅੱਛਾ ! ਬਹਿ ਜਾ ਫੇਰ" । ਉਹ ਬੋਲਿਆ, ਤੇ ਇਕ ਫੱਟੀ ਪੂੰਝ ਕੇ ਡਰੱਮ ਉਤੇ ਰੱਖ ਦਿੱਤੀ ।

ਮੈਂ ਬੈਠ ਗਿਆ ।

"ਪੱਗ ਲਿਆਇਐਂ ?"

"ਸਿਰ ਦੀ ਫਟ ਗਈ ?" ਮੈਂ ਪੁੱਛਿਆ ।

"ਤੂੰ ਸ਼ਾਗਿਰਦੀ ਕਰਨ ਲਈ ਨਹੀਂ ਆਇਆ ?" ਉਸ ਨੇ ਹੈਰਾਨ ਹੋ ਕੇ ਪੁੱਛਿਆ ।

"ਨਹੀਂ ।"

"ਓ ਤੇਰਾ ਭਲਾ ਹੋ ਜਾਏ ! ਮੈਂ ਤਾਂ ਸਮਝਿਆ ਤੂੰ...।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਦਿਨਾਂ ਵਿਚ ਬਰਕਤ ਰਾਮ "ਬਰਕਤ" ਦਾ ਬੋਲ-ਬਾਲਾ ਸੀ, ਤੇ ਉਹ ਦਿੱਲੀ ਵਿਚ ਹਰ ਸਾਲ ਕਵੀ ਦਰਬਾਰ ਕਰਾਉਂਦਾ ਸੀ, ਜਿਸ ਵਿਚ ਹਮਦਮ, ਤੀਰ, ਸ਼ਰਫ; ਨੂਰਪੁਰੀ, ਬਲੱਗਣ, ਦਾਮਨ, ਗੁਰਦਾਸਪੁਰੀ, ਸਾਬਰ ਤੇ ਹੋਰ ਬਹੁਤ ਸਾਰੇ ਕਵੀ ਸ਼ਾਮਲ ਹੁੰਦੇ ।

ਇਕ ਦਿਨ "ਬਰਕਤ" ਨੇ ਇਕ ਤਸਵੀਰ ਦਿਖਾਲੀ, ਜਿਸ ਦੇ ਪਿਛਲੇ ਪਾਸੇ ਇਕ ਸ਼ੇਅਰ ਲਿਖਿਆ ਸੀ :

ਮੇਰੀ ਤਾਂ ਖ਼ੈਰ, ਪਰ ਤੇਰੀ ਇੱਜ਼ਤ ਦਾ ਪਾਸ ਹੈ,
ਮਹਿਫ਼ਲ 'ਚ ਮੁਸਕਰਾਣ ਦੀ ਕੋਸ਼ਸ਼ ਕਰਾਂਗਾ ਮੈਂ ।

ਇਹ ਤਸਵੀਰ ਬਿਸ਼ਨ ਸਿੰਘ ਉਪਾਸ਼ਕ ਦੀ ਸੀ, ਜੋ ਉਸ ਨੇ ਰਾਂਚੀ ਤੋਂ ਭੇਜੀ ਸੀ । ਉਹ ਸ਼ੇਅਰ ਬਰਕਤ ਕਈ ਦਿਨ ਤੀਕ ਸਭ ਨੂੰ ਸੁਣਾਉਂਦਾ ਰਿਹਾ ਤੇ ਉਸ ਨੇ ਉਪਾਸਕ ਨੂੰ ਚਿੱਠੀ ਲਿਖੀ, ਉਹ ਦਿੱਲੀ ਆ ਜਾਵੇ ।

ਉਪਾਸਕ ਦਿੱਲੀ ਆ ਗਿਆ । ਉਸ ਨੇ ਤਰਖਾਣਾ ਕੰਮ ਛੱਡ ਦਿੱਤਾ ਸੀ । ਸਾਰਾ ਦਿਨ ਬਾਈਸਿਕਲ ਉਤੇ ਘੁੰਮਦਾ ਰਹਿੰਦਾ ! ਫੇਰ ਉਹ ਦਿੱਲੀ ਦੇ ਕਿਸੇ ਪੰਜਾਬੀ ਪਰਚੇ ਦਾ ਐਡੀਟਰ ਲੱਗ ਗਿਆ । ਪਰ ਅਸਲ ਕੰਮ ਤਾਂ ਉਹਦੇ ਸਾਲਾਨਾ ਗਾਹਕ ਬਣਾਉਣ ਦਾ ਸੀ । ਪੰਜ ਰੁਪਏ ਚੰਦਾ ਸੀ, ਅੱਧੇ ਮਾਲਕਾਂ ਦੇ, ਅੱਧੇ ਉਪਾਸਕ ਦੇ ।

ਇਕ ਦਿਨ ਉਹ ਮੈਨੂੰ ਮਿਲ ਗਿਆ । ਇੱਲ ਦੇ ਝਪੱਟੇ ਵਾਂਗ ਉਹਨੇ ਹੱਥ ਮਾਰ ਕੇ ਮੇਰਾ ਪੈੱਨ ਕੱਢਿਆ, ਤੇ ਅੰਗੂਠੇ ਦੇ ਨੌਂਹ ਉਪਰ ਉਸ ਦੀ ਨਿੱਬ ਨੂੰ ਦਬਾਉਣ ਲਗਾ । ਫੇਰ ਉਸ ਨੇ ਸੂਰਜ ਦੀ ਰੌਸ਼ਨੀ ਵੱਲ ਉਤਾਂਹ ਕਰਕੇ ਦੇਖਿਆ, "ਅੱਛਾ" ਆਖ ਕੇ ਮੇਰੀਆਂ ਅੱਖਾਂ ਵਿਚ ਤਕਿਆ ਤੇ ਕਹਿਣ ਲਗਾ—"ਚਲ ਤੈਨੂੰ ਸ਼ਰਾਬ ਪਿਲਾਵਾਂ, ਅਮਰਗੁੰਡੀ ਦੀ ਹੱਟੀ ਤੇ ਚਲਦੇ ਆਂ ।"

"ਮੈਂ ਨਹੀਂ ਪੀਣੀ ।"

"ਹੁਣ ਤਾਂ ਤੈਨੂੰ ਪੀਣੀ ਪੈਣੀ ਆਂ ।"

"ਕਿਉਂ"

"ਤੂੰ ਮੈਨੂੰ ਔਹ ਪੈੱਨ ਜੁ ਭੇਟ ਕੀਤੈ ।" ਇਹ ਕਹਿ ਕੇ ਉਸ ਨੇ ਪੈੱਨ ਆਪਣੀ ਜੇਬ ਨਾਲ ਟੰਗ ਲਿਆ ।

ਬਿਸ਼ਨ ਸਿੰਘ ਉਪਾਸਕ ਹਵਾਈ ਜਹਾਜ਼ ਮੰਗਦਾ, ਤੇ ਡਾਇਰੀ ਲੈ ਕੇ ਰਾਜ਼ੀ ਹੋ ਜਾਂਦਾ । ਉਸ ਨੇ ਆਪਣੀਆਂ ਲੋੜਾਂ ਇੰਨੀਆਂ ਘਟਾ ਲਈਆਂ ਸਨ, ਕਿ ਉਸ ਨੂੰ ਬਹੁਤੀਆਂ ਚੀਜ਼ਾਂ ਦੀ ਜ਼ਰੂਰਤ ਹੀ ਨਾ ਭਾਸਦੀ । ਮੈਂ ਉਸ ਨੂੰ ਕਦੀ ਘਰ ਵਾਸਤੇ ਕੋਈ ਚੀਜ਼ ਖ਼ਰੀਦਦੇ ਨਹੀਂ ਸੀ ਦੇਖਿਆ । ਉਹ ਰੈਡੀਮੇਡ ਕਪੜੇ ਪਾਉਂਦਾ । ਕਈ ਵਾਰ ਇਨ੍ਹਾਂ ਕਪੜਿਆਂ ਵਿਚ ਬੜਾ ਹੀ ਅਜੀਬ ਜਿਹਾ ਲਗਦਾ । ਰੋਟੀ ਹੋਟਲ ਤੇ, ਸ਼ਰਾਬ ਕਿਸੇ ਫ਼ਰਨੀਚਰ ਦੀ ਦੁਕਾਨ ਤੇ ।

ਇਕ ਵਾਰ ਉਹ ਇਕ ਨਾਈ ਦੀ ਦੁਕਾਨ ਵਿਚ ਜਾ ਵੜਿਆ, ਤੇ ਇਥੇ ਈ ਮੋਟੇ ਮੋਟੇ ਦੋ ਪੈੱਗ ਖਿੱਚ ਲਏ । ਉਸ ਨੇ ਨਾਈ ਨੂੰ ਵੀ ਜ਼ਬਰਦਸਤੀ ਪਿਲਾ ਦਿੱਤੀ । ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਈ ਜ਼ਰਾ ਲੋਰ ਵਿਚ ਆਇਆ, ਤਾਂ ਫੁਦਕ ਫੁਦਕ ਕੇ ਗਾਹਕਾਂ ਦੀ ਸ਼ੇਵ ਬਣਾਉਣ ਲਗਾ। ਉਪਾਸਕ ਨੇ ਦੇਖ ਕੇ ਕਿਹਾ—"ਰਾਜੇ ਦਾ ਉਸਤਰਾ ਸ਼ਾਮ ਸਿੰਘ ਅਟਾਰੀ ਦੀ ਕਿਰਪਾਨ ਵਾਂਗੂ ਕਲਣ ਲਗ ਪਿਆ। ਚਲੋ ਹੁਣ ਇਥੋਂ ਦੌੜ ਚਲੀਏ।"

ਉਸ ਨੇ ਆਪਣਾ ਐਡਰੈਸ ਦੱਸਿਆ—"ਸ਼ਾਦੀਪੁਰ, ਮੰਦਿਰ ਵਾਲੀ ਗਲੀ 'ਚ ਕਿਸੇ ਨੂੰ ਪੁੱਛ ਲਵੀਂ।

ਮੈਨੂੰ ਕੋਈ ਜ਼ਰੂਰੀ ਕੰਮ ਸੀ। ਉਹਦੀਆਂ ਦੱਸੀਆਂ ਨਿਸ਼ਾਨੀਆਂ ਪੁਛਦਾ ਮੈਂ ਸ਼ਾਦੀਪੁਰ ਮੰਦਿਰ ਵਾਲੀ ਗਲੀ ਦੇ ਉਸ ਦੁਆਰ ਤੇ ਪੁਜ ਗਿਆ।

ਦੁਆਰ ਦੇ ਅੰਦਰ ਇੱਟਾਂ ਦਾ ਖੜੰਜਾ ਲਗਾ ਹੋਇਆ ਸੀ, ਜਿਸ ਉਪਰ ਇਕ ਮੱਝ ਬੱਝੀ ਹੋਈ ਸੀ। ਉਹਦੇ ਗੋਹੇ ਦੀਆਂ ਧੱਦਾਂ ਲੰਘ ਕੇ ਇਕ ਹੋਰ 'ਦੁਆਰ' ਸੀ, ਜਿਸ ਅੱਗੇ ਤਾਕਾਂ ਦੀ ਥਾਂ ਟਾਟ ਤਣਿਆ ਹੋਇਆ ਸੀ। ਮੱਝ ਜਦੋਂ ਪੂਛ ਨਾਲ ਮੱਖ ਉਡਾਉਂਦੀ, ਤਾਂ ਟਾਟ ਹਿਲਦਾ।

ਮੇਰਾ ਜੀਅ ਘਬਰਾ ਰਿਹਾ ਸੀ। ਮੂਤਰ ਤੇ ਗੋਹੇ ਦੀ ਹਵਾਂਕ ਨਾਲ ਨਥਨਿਆਂ ਵਿਚ ਖ਼ਾਰਸ਼ ਹੋਣ ਲਗੀ।

ਮੈਂ ਟਾਟ ਹਟਾ ਕੇ ਅੰਦਰ ਝਾਕਿਆ। ਹਨੇਰਾ ਸੀ। ਵਿਹੜੇ ਦੇ ਖੜੰਜੇ ਨਾਲੋਂ ਦੋ ਫੁੱਟ ਨੀਵੀਂ ਇਹ ਖੋਲੀ ਸੀ, ਜਿਸ ਨੂੰ ਕੋਈ ਖਿੜਕੀ ਤੇ ਰੌਸ਼ਨਦਾਨ ਨਹੀਂ ਸੀ। ਇਸ ਵਿਚ ਇਕ ਚਾਰਪਾਈ ਉਪਰ ਬਿਸ਼ਨ ਸਿੰਘ ਉਪਾਸਕ ਛਿੱਜੀ ਹੋਈ ਬਨੈਣ ਤੇ ਕੱਛਾ ਪਾਈ ਲੇਟਿਆ ਹੋਇਆ ਸੀ। ਰਜਾਈ ਦਾ ਰੂੰ ਥਾਂ ਥਾਂ ਤੋਂ ਕੱਠਾ ਹੋ ਕੇ ਗੁੱਠੇ ਬੱਝੇ ਹੋਏ ਸਨ, ਤੇ ਖਾਲੀ ਥਾਵਾਂ ਵਿਚੋਂ ਉਪਾਸ਼ਕ ਦੇ ਗੋਡੇ ਦਿਸਦੇ ਸਨ; ਖਾਕੀ ਬੁਸ਼ੱਸ਼ਰਟ ਮੇਖ ਨਾਲ ਲਟਕ ਰਹੀ ਸੀ। ਉਸ ਦਾ ਬਾਈਸਿਕਲ ਕਿਧਰੇ ਨਹੀਂ ਸੀ ਦਿਸਦਾ।

ਮੈਨੂੰ ਦੇਖ ਕੇ ਉਪਾਸਕ ਬੋਲਿਆ—"ਸੁਣਾ ਭਈ ਤਾਰਾ ਸਿੰਘ, ਲੱਭਣ 'ਚ ਮੁਸ਼ਕਲ ਤਾਂ ਨਹੀਂ ਹੋਈ"

ਮੈਂ ਚੁੱਪ ਰਿਹਾ।

ਮੇਰੇ ਵੱਲ ਝਾਕ ਕੇ ਬੋਲਿਆ—"ਦੇਖ ਲੈ ਆਪਾਂ ਕੈਸੀ ਥਾਂ ਮਾਰੀ ਹੋਈ ਆ।"

ਉਸ ਦੀ ਆਵਾਜ਼ ਵਿਚ ਤਰਲੇ ਦੀ ਠੰਢੀ ਤੜਪ ਸੀ, ਤੇ ਸੁਫ਼ਨਿਆਂ ਦਾ ਬੁੜ੍ਹਾਪਾ।

ਮੇਰਾ ਸਾਹ ਘੁੱਟ ਰਿਹਾ ਸੀ। ਕੰਮ ਦੀ ਗੱਲ ਕਰਕੇ ਮੈਂ ਛੇਤੀ ਹੀ ਬਾਹਰ ਆ ਗਿਆ—ਖੁਲ੍ਹੀ ਸੜਕ ਤੇ ਤਾਜ਼ੀ ਹਵਾ ਲਗੀ। ਮੈਨੂੰ ਉਪਾਸਕ ਦੇ ਸ਼ੇਅਰ ਯਾਦ ਆਏ :—

ਤੇਰੇ ਪਿਆਰ ਵਿਚ ਜਿਹੜਾ ਬਰਬਾਦ ਹੋਇਆ,
ਉਹ ਕੋਈ ਹੋਰ ਗ਼ਰੀਬ ਸੀ, ਮੈਂ ਨਹੀਂ ਸਾਂ।
ਜੀਹਨੇ ਪਾਇਆ ਸੀ ਤੈਨੂੰ ਭੁਲੇਖਿਆਂ 'ਚ
ਮੇਰਾ ਹੋਛਾ ਰਕੀਬ ਸੀ, ਮੈਂ ਨਹੀਂ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਨਬਜ਼ ਨਾ ਜਿਹੜਾ ਪਛਾਣ ਸਕਿਆ,
ਤੇਰਾ ਕੱਚਾ ਤਬੀਤ ਸੀ, ਮੈਂ ਨਹੀਂ ਸਾਂ ।
ਗਲੀ ਤੇਰੀ ਜੋ ਠੋਕਰਾਂ ਰਿਹਾਂ ਖਾਂਦਾ,
ਮੇਰਾ ਖੋਟਾ ਨਸੀਬ ਸੀ, ਮੈਂ ਨਹੀਂ ਸਾਂ ।

ਬਿਸ਼ਨ ਸਿੰਘ ਉਪਾਸਕ ਦਾ ਜਨਮ ਸਰਦਾਰ ਰਲਾ ਸਿੰਘ ਦੇ ਘਰ ਪਿੰਡ ਲਾਂਬੜਾ, ਜਿਲ੍ਹਾ ਹੁਸ਼ਿਆਰਪੁਰ ਵਿਚ, 1919 ਨੂੰ ਹੋਇਆ । ਪਿੰਡ ਦੇ ਭਾਈ ਕੋਲੋਂ ਉਸ ਨੇ ਪੈਂਤੀ ਅੱਖਰੀ ਸਿੱਖੀ । ਪੜ੍ਹਾਈ ਵਿਚ ਉਸ ਦੀ ਰੁਚੀ ਨਾ ਦੇਖ ਕੇ ਪਿਤਾ ਨੇ ਉਸ ਨੂੰ ਟਾਟਾ ਨਗਰ ਭੇਜ ਦਿਤਾ । ਇਥੇ "ਬੇਬੇ ਪੱਗ ਵਾਲੀ" ਅਗੇ ਪੜ੍ਹਨੇ ਪਿਆ । ਪਰ ਨਤੀਜਾ ਕੁਝ ਨਾ ਨਿਕਲਿਆ । ਆਖਰ ਪਿਤਾ ਪੁਰਖੀ ਤਰਖਾਣਾ ਕੰਮ ਕਰਨ ਲਗਾ ।

ਇਹ ਕੰਮ ਕਰਦਾ ਉਹ ਬੰਗਾਲ, ਉੜੀਸਾ, ਗੁਜਰਾਤ, ਬਿਹਾਰ, ਯੂ. ਪੀ., ਤੇ ਬੰਬਈ ਆਦਿ ਥਾਵਾਂ ਉਤੇ ਘੁੰਮਿਆ, ਤੇ ਇਸ ਤਰ੍ਹਾਂ ਬਹੁਤ ਸਾਰੇ ਪ੍ਰਾਂਤਾਂ ਦੀਆਂ ਬੋਲੀਆਂ ਸਿੱਖ ਗਿਆ :

ਮਦਰਾਸੀ ਹੋਟਲ, ਉਪਮਾ, ਚਾਵਲ,
ਚਿੰਤਾ, ਪੰਡੂ, ਉਂਡੂ ਏਲਪੋ,
ਸਾਂਬਰ ਡੋਸਾ, ਇਡਲੀ, ਭੁਜੀਆ,
ਚਾਏ, ਕੌਂਪੀ, ਗੁਪਚੁਪ ਬੈਈਟੋ,
ਹੱਲਾ ਕਾਇ ਕੁ ਕਰਤਾ ਬਾਬਾ
ਚੀਨੀ ਹੋਣਾ, ਨਕੋ ਬਾਬਾ, ਮਿਰਚੀ ਕਾਓ ।

ਵੱਖ ਵੱਖ ਪ੍ਰਾਂਤਾਂ ਵਿਚ ਘੁੰਮਦਾ ਉਹ ਵੇਸਵਾ ਘਰਾਂ, ਡਾਨਸਰਾਂ, ਐਕਟਰਸਾਂ, ਕੱਚੀ ਸ਼ਰਾਬ ਵੇਚਣ ਵਾਲੀਆਂ, ਮੰਗਤੀਆਂ, ਤੇ ਕਾਲ ਗਰਲਜ਼ ਦੇ ਚਕਲਿਆਂ ਵਿਚ ਫਿਰਿਆਂ, ਤੇ ਰਾਤਾਂ ਗੁਜ਼ਾਰੀਆਂ । ਜੇ ਕਿਸੇ ਦੀ ਦਰਦਨਾਕ ਕਹਾਣੀ ਸੁਣੀ, ਤਾਂ ਪੈਸੇ ਦੇ ਕੇ ,'ਬੇਟੀ" ਆਖ ਕੇ ਉਠ ਗਿਆ ।

ਬਿਸ਼ਨ ਸਿੰਘ ਉਪਾਸਕ ਇਕ ਭਟਕਦੀ ਆਤਮਾ ਸੀ । ਉਹਦੀ ਪਤਨੀ ਚਲਾਣਾ ਕਰ ਗਈ । ਇਕ ਹੋਰ ਕੁੜੀ ਉਹਦੇ ਜੀਵਨ ਵਿਚ ਆਈ, ਉਸ ਨੇ ਬੇਵਫਾਈ ਕੀਤੀ :—

ਉਸ ਨੂੰ ਮਿਲੀਆਂ ਬੇਪਰਵਾਹੀਆਂ
ਮੈਨੂੰ ਮਿਲੀ ਅਵਾਰਾਗਰਦੀ
"ਕਲ੍ਹ ਆਊਂ" ਇਕਰਾਰ ਤੇ ਆ ਕੇ
ਟੁੱਟੀਆਂ ਪਿਆਰ-ਤਣਾਵਾਂ ।
ਜੋਗੀ ਦੀ ਕੁਟੀਆ 'ਚੋਂ ਤੁਰਿਆ,
ਕੰਬਦਾ ਇਕ ਪਛਾਵਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਹਿਆ ਚੰਗਾ ਜੀਵਨ ਸਾਥੀ,
ਚਾਹਿਆ ਇੱਜ਼ਤਦਾਰ ਗੁਜ਼ਾਰਾ ।
ਆਸ ਮੇਰੀ ਦੀ ਕਿਸ਼ਤੀ ਤਾਈਂ
ਦਿਸ ਕੇ, ਲੁਕਦਾ ਰਿਹਾ ਕਿਨਾਰਾ ।

ਦਿਲ-ਧਰਤੀ ਤੋਂ ਜਾਮ ਸੁਰਾਹੀਆਂ
ਤੇਰਾ ਨਕਸ਼ ਮਿਟਾ ਨਾ ਸਕੇ ।
ਹਾਰ ਗਏ ਕਈ ਹੁਸਨ ਬਜ਼ਾਰੀ
ਤੇਰਾ ਖ਼ਿਆਲ ਭੁਲਾ ਸਕੇ ।

ਇਕ ਦਿਨ ਉਪਾਸਕ ਮਿਲਿਆ । ਕਹਿਣ ਲਗਾ—"ਮੈਂ ਲੋਕਾਂ ਦੇ ਟੁੱਟੇ ਹੋਏ ਸ਼ੇਅਰਾਂ ਦੀ ਦਾਦ ਦਿਤੀ ਹੈ, ਪਰ ਮੈਨੂੰ ਕੋਈ ਵਧੀਆ ਕਵਿਤਾ ਦੀ ਦਾਦ ਨਹੀਂ ਦਿੰਦਾ ।"

ਉਦਾਸ ਦੇਖ ਕੇ ਮੈਂ ਉਸ ਨੂੰ ਇਕ ਹੋਟਲ ਦੇ ਕੈਬਨ ਵਿਚ ਲੈ ਗਿਆ । ਚਾਹ ਤੇ ਆਮਲੇਟ ਦਾ ਆਰਡਰ ਦਿਤਾ ।

ਉਪਾਸਕ ਨੇ ਆਪਣੇ ਚਰਮੀ ਬੈਗ ਵਿਚੋਂ ਇਕ ਨਵੀਂ ਡਾਇਰੀ ਕੱਢੀ, ਤੇ ਗੁਣ-ਗੁਣਾਉਣ ਲੱਗਾ :—

ਜੀਉਂਦਾ ਰਹੇਂ ਹਬੀਬ, ਤੇਰਾ ਬਹੁਤ ਸ਼ੁਕਰੀਆ ।
ਅਗੇ ਮੇਰਾ ਨਸੀਬ, ਤੇਰਾ ਬਹੁਤ ਸ਼ੁਕਰੀਆ ।

ਉਸ ਦੇ ਤਰੱਨਮ ਵਿਚ ਅਜ ਕੋਈ ਦਿਨ-ਵਿਹੂਣੀ ਲਿਲ੍ਹਕ ਤੇ ਨਿਹੋਰੇ ਦਾ ਸੇਕ ਸੀ । ਉਹਨੇ ਇਸ ਸ਼ੇਅਰ ਨੂੰ ਤਿੰਨ ਵਾਰ ਪੜ੍ਹਿਆ । ਮੇਰਾ ਦਿਲ ਕੰਬਣ ਵਗਾ । ਉਸ ਨੇ ਫੇਰ ਸੁਰ ਚੁੱਕਿਆ :—

ਫੁੱਲਾਂ ਦੀ ਮਹਿਕ ਲੈ ਗਿਉਂ, ਅੰਗਿਆਰ ਦੇ ਗਿਉਂ,
ਜੀਉਂਦਾ ਰਹੇਂ ਰਕੀਬ, ਤੇਰਾ ਬਹੁਤ ਸ਼ੁਕਰੀਆ ।

ਇਸ ਸ਼ੇਅਰ ਦੇ ਨਾਲ ਉਸ ਦਾ ਤਰੱਨਮ ਭਿੱਜ ਗਿਆ, ਤੇ ਅੰਤ ਵਿਚ ਉਸ ਦੀਆਂ ਭੁੱਬਾਂ ਨਿਕਲ ਗਈਆਂ । ਅੱਥਰੂ ਉਸ ਦੀ ਰੰਗੀ ਹੋਈ ਦਾੜ੍ਹੀ ਉਪਰੋਂ ਢਲਦੇ ਡਾਇਰੀ ਤੇ ਪੈਣ ਲਗੇ । ਉਸ ਨੇ ਡਾਇਰੀ ਬੰਦ ਕੀਤੀ, ਫਟਾ-ਫਟ ਚਰਮੀ ਬੈਗ ਵਿਚ ਰਖੀ, ਬੈਗ ਬੰਦ ਕੀਤਾ, ਤੇ ਬਾਈਸਿਕਲ ਚੁੱਕ ਕੇ ਚਲਾ ਗਿਆ ।

ਮੈਂ ਦੇਰ ਤਕ ਸੋਚਦਾ ਰਿਹਾ । ਚਾਹ, ਤੇ ਆਮਲੇਟ ਠੰਡੇ ਹੋ ਚੁੱਕੇ ਸੀ ।

ਦਿੱਲੀ ਵਿਚ ਚੰਗੇ ਸਾਹਿਤਕ ਕਵੀ ਦਰਬਾਰ ਹੁੰਦੇ ਸਨ । ਇਨ੍ਹਾਂ ਕਵੀ ਦਰਬਾਰਾਂ ਦਾ ਪ੍ਰਬੰਧ ਪਹਿਲਾਂ ਮਿਹਰਬਾਨ ਸਿੰਘ ਧੂਪੀਆ ਕਰਦਾ ਸੀ, ਬਾਅਦ ਵਿਚ ਬਰਕਤ ਪੰਜਾਬੀ ਨੇ ਇਹ ਬੀੜਾ ਚੁੱਕਿਆ ।"

ਵਾਈ. ਐਮ. ਸੀ. ਏ. ਦੀ ਗਰਾਊਂਡ ਵਿਚ ਕਵੀ ਦਰਬਾਰ ਹੋ ਰਿਹਾ ਸੀ । ਪੰਡਿਤ ਜਵਾਹਰ ਲਾਲ ਨਹਿਰੂ, ਤੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਰਾਜਾ ਗਜ਼ਨਫਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲੀ ਵੀ ਆਏ, ਅਤੇ ਪਾਕਿਸਤਾਨ ਤੋਂ ਚਰਾਗ ਦੀਨ "ਦਾਮਨ" ਨੂੰ ਬੁਲਾਇਆ ਗਿਆ ਸੀ। ਇਸ ਕਵੀ ਦਰਬਾਰ ਵਿਚ ਉਪਾਸਕ ਨੇ ਵੀ ਆਪਣੀ ਕਵਿਤਾ ਸੁਣਾਈ।

ਉਸ ਦੀ ਅਦਾਇਗੀ ਚੰਗੀ ਨਹੀਂ ਸੀ। ਉਹ ਕਵਿਤਾ ਪੜ੍ਹਦਾ, ਤਾਂ ਜਿਸ਼ ਸ਼ਬਦ ਉਪਰ ਜ਼ੋਰ ਦੇਣਾ ਹੁੰਦਾ ਉਸ ਨੂੰ ਹਲਕੇ ਸੁਰ ਵਿਚ ਬੋਲਦਾ, ਤੇ ਜਿਸ ਨੂੰ ਹਲਕਾ ਬੋਲਣਾ ਹੁੰਦਾ, ਉਸ ਨੂੰ ਜ਼ੋਰ ਨਾਲ ਅਦਾ ਕਹਦਾ। ਹੱਥਾਂ ਦੀਆਂ ਮੁਦਰਾਵਾਂ ਵੀ ਭਾਵ ਦੇ ਵਿਪਰੀਤ ਹੁੰਦੀਆਂ। ਸਾਰਾ ਕੁਝ ਮਿਲਾ ਕੇ ਉਸ ਨੂੰ ਸਟੇਜ ਦਾ ਨਾਕਾਮ ਸ਼ਾਇਰ ਮਨਿਆ ਜਾਂਦਾ। ਉਹ ਲਿਖਦਾ ਚੰਗਾ ਸੀ, ਪਰ ਉਹਦੀ "ਪੜ੍ਹੰਤ" ਵਧੀਆ ਨਹੀਂ ਸੀ।

ਇਸ ਕਵੀ ਦਰਬਾਰ ਵਿਚ ਵੀ ਉਪਾਸਕ ਆਪਣੀ "ਪੜ੍ਹੰਤ" ਦਾ ਸ਼ਿਕਾਰ ਹੋ ਗਿਆ :—

ਢਿੱਡ ਚੰਦਰੇ ਲਈ ਡੰਗਰਾਂ ਅਗੇ
ਮੈਂ ਕਵਿਤਾ ਦੀ ਬੀਨ ਵਜਾਈ।
ਰੰਗ ਬਰੰਗੇ ਝੰਡਿਆਂ ਥੱਲੇ
ਬਣ ਕੇ ਨੱਚਦਾ ਰਿਹਾ ਸ਼ੁਦਾਈ।

ਉਪਾਸਕ ਮਲੰਗ ਕਵੀ ਸੀ। ਸ਼ਾਇਦ ਇਹੋ ਕਾਰਨ ਹੈ ਕਿ ਆਧੁਨਿਕ ਕਵੀਆਂ ਵਿਚੋਂ ਉਹ ਇਕ ਅਜਿਹਾ ਕੱਲਾ ਕਵੀ ਹੈ, ਜਿਸ ਨੇ ਚਾਰ ਲੰਮੀਆਂ ਖੂਬਸੂਰਤ, ਤੇ ਵਾਕਫੀ ਭਰਪੂਰ ਕਵਿਤਾਵਾਂ ਲਿਖੀਆਂ, ਜਿਨ੍ਹਾਂ ਨੂੰ ਪੜ੍ਹ ਕੇ ਦਿੱਲੀ, ਬੰਬਈ, ਕਲਕੱਤਾ ਆਦਿ ਨਗਰਾਂ ਦੇ ਹੀ ਦਰਸ਼ਨ ਨਹੀਂ ਹੋ ਜਾਂਦੇ ਸਗੋਂ ਪੂਰੇ ਸਮਾਜ ਦਾ ਨੰਗ-ਨੰਗੇਜ ਦਿੱਸਦਾ ਹੈ। ਮੰਗਤੀਆਂ ਨੂੰ ਕਾਮਪੂਰਤੀ ਦਾ ਸਾਧਨ ਬਣਾਉਣ ਵਾਲੇ ਸਮਾਜ ਦੇ ਭੱਦਰ-ਪੁਰਸ਼ਾਂ ਕੋਲੋਂ ਜਦੋਂ ਮੰਗਤੀ ਬਦਲਾ ਲੈਂਦੀ ਹੈ, ਤਾਂ ਸਭ ਮਾਨਸਿਕ ਸੰਤੁਲਨ ਵਿਗਾੜ ਕੇ ਰਖ ਦਿੰਦੀ ਹੈ। ਫ਼ਿਲਮਾਂ, ਅਤੇ ਫ਼ਿਲਮ ਸਟਾਰਾਂ ਦੇ ਗਲੈਮਰ ਦੀ ਪਿਛਵਾੜੇ ਕੀ ਕੁਝ ਹੈ :—

ਝੁਰੜਾਏ ਚਿਹਰੇ, ਨਸ਼ਿਆਏ ਜੁੱਸੇ,
ਅੱਧ-ਮੀਟੀਆਂ ਅੱਖਾਂ, ਬੁਲ੍ਹਾਂ 'ਤੇ ਸਿੱਕਰੀ
ਬਦਕਿਸਮਤ ਸ਼ਾਇਰ, ਬਕਵਾਸੀ ਰਾਈਟਰ
ਥੱਕੇ ਹੋਏ ਐਕਟਰ, ਨਾਕਾਮ ਡਾਇਰੈਕਟਰ
ਭੁੱਖੇ ਪ੍ਰੋਡੀਊਸਰ, ਟੁੱਟੇ ਫਾਇਨਾਂਸਰ

ਉਪਾਸਕ ਦੇ ਦਿਲ ਤੋਂ ਨਾ ਪਿੰਡ ਦੇ ਨਕਸ਼ ਮਿੱਟ ਸਕੇ, ਨਾ ਦੇਸ਼ ਦੇ ਮਹਾਂ ਨਗਰਾਂ ਦੀਆਂ ਗੁਨਾਹ ਦਾ ਕਾਰੋਬਾਰ ਕਰਦੀਆਂ ਗਲੀਆਂ ਦੇ। ਨਾ ਚਾਪਲੂਸਾਂ ਦੀ ਸ਼ਬਦ-ਕਤਰਨੀ ਜੀਭ ਦੇ, ਨਾ ਸਮਾਜ ਵੱਲੋਂ ਮਿਲੀ ਬੇਰੁਖੀ ਦੇ। ਉਹ ਇਸ ਦੇ ਕਾਰਨ ਲੱਭਣ ਵਿਚ ਗੁਆਚਦਾ ਨਹੀਂ, ਸਗੋਂ ਇਸ ਨੂੰ ਬਿਆਨ ਕਰਦਾ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲ ਦੀ ਗੱਲ ਕਿਤੇ ਨਾ ਦੱਸੀਂ
ਸੀਨੇ ਵਿਚ ਲੁਕਾ ਲੈ ।
ਬੰਦੇ ਨਾਲੋਂ ਕੁੱਤਾ ਚੰਗਾ
ਕੁੱਤੇ ਨੂੰ ਗਲ ਲਾ ਲੈ ।
ਬੰਦੇ ਦੀ ਇਹ ਗੱਲ ਸੁਣੀ, ਤਾਂ ਕੋਲੋਂ ਬੋਲਿਆ ਕੁੱਤਾ
ਕਿਉਂ ਕੁੱਤੇ ਨੂੰ ਮੰਦਾ ਆਖੇਂ
ਤੂੰ ਬੰਦੇ ਦਿਆ ਪੁੱਤਾ !

ਗਏ ਫਰੰਗੀ, ਆਪਣੀਆਂ ਰੀਤਾਂ—
ਸਾਨੂੰ ਦੇ ਗਏ ।
ਆਪਣੀਆ ਫਿਟਕਾਂ ਇਥੇ ਸੁੱਟ ਗਏ ।

ਜੁੱਤੀਆਂ ਵਾਂਗ ਹੰਢਾਵਣ ਸੁਫਨੇ
ਪੀਕਾਂ ਵਾਂਗੂੰ ਥੁੱਕਣ ਸੱਧਰਾਂ ।

ਪਹਿਲੀ ਤਰੀਕ ਨੂੰ ਉਪਾਸਕ ਸੰਸਾਰ ਸਿੰਘ 'ਗਰੀਬ' ਕੋਲ ਗਿਆ ਤੇ ਕਹਿਣ ਲੱਗਾ—"ਮੈਨੂੰ ਸ਼ਰਾਬ ਪਿਲਾ ।"

"ਗਰੀਬ" ਨੇ ਲਾਚਾਰੀ ਜ਼ਾਹਰ ਕਰਦਿਆਂ ਕਿਹਾ—"ਉਪਾਸਕ, ਮੈਂ ਆਪਣੇ ਦਿਲ ਉਤੇ ਪੱਥਰ ਰੱਖ ਕੇ ਪੰਜਾਂ ਪੰਜਾਂ ਦੇ ਤਿੰਨ ਨੋਟ ਤੈਨੂੰ ਦੇ ਸਕਦਾਂ ।"

"ਛੇਤੀ ਪੱਥਰ ਰੱਖ ਫੇਰ" । ਉਪਾਸਕ ਰਾਜ਼ੀ ਹੋ ਗਿਆ ।

ਇਕ ਗ਼ਰੀਬ ਭੱਈਆ ਬਾਈਸਿਕਲ ਚਲਾਉਂਦਾ ਜਾ ਰਿਹਾ ਸੀ, ਨਾਲੇ ਬੀੜੀ ਪੀ ਰਿਹਾ ਸੀ । ਉਪਾਸਕ ਨੂੰ ਇਹ ਵੇਖ ਕੇ ਉਸ ਉਤੇ ਤਰਸ ਆ ਗਿਆ । ਉਹਨੇ ਭੱਈਏ ਦਾ ਸਾਈਕਲ ਰੋਕਿਆ, ਤੇ ਉਸ ਦੇ ਮੂੰਹ ਤੇ ਜ਼ੋਰ ਦੀ ਇਕ ਚੰਡ ਮਾਰੀ—"ਉਲੂੱ ਦੇ ਪੱਠੇ, ਤੈਨੂੰ ਪਤਾ ਨਹੀਂ ਕਿ ਸ਼ਹਿਰ ਵਿਚ ਸਾਈਕਲ ਤੇ ਚੜ੍ਹ ਕੇ ਬੀੜੀ ਪੀਣੀ ਕਾਨੂੰਨ ਦੇ ਖ਼ਿਲਾਫ਼ ਹੈ ? ਬੋਲ ।"

ਭੱਈਆ ਘਬਰਾ ਗਿਆ । ਹੱਕਾ ਬੱਕਾ ਹੋਇਆ ਕਹਿਣ ਲੱਗਾ—"ਮੈਨੂੰ ਪਤਾ ਨਹੀਂ ਸੀ ਜੀ, ਮਾਫ਼ ਕਰ ਦਿਉ ।"

ਉਪਾਸ਼ਕ ਨੇ ਉਸ ਨੂੰ ਇਕ ਰੁਪਿਆ ਦਿੱਤਾ ਤੇ ਬੋਲਿਆ—"ਜਾਓ, ਸਾਈਕਲ ਚਲਾਤੇ ਹੂਏ ਸਿਗਰਟ ਪੀਆ ਕਰੋ ।"

ਬਿਸ਼ਨ ਸਿੰਘ ਉਪਾਸ਼ਕ ਅਜੀਬ ਅਜੀਬ ਹਰਕਤਾਂ ਕਰ ਬੈਠਦਾ ਸੀ, ਜਿਸ ਨਾਲ ਲੜਾਈ ਝਗੜੇ, ਜਾਂ ਸ਼ਰਮਿੰਦਗੀ ਦਾ ਡਰ ਪੈਦਾ ਹੋ ਜਾਂਦਾ ।

ਇਕ ਦਿਨ ਬੱਸ ਵਿਚ ਜਾ ਰਿਹਾ ਸੀ । ਅਚਾਨਕ ਉਸ ਨੇ ਅਗਲੀ ਸੀਟ ਉਪਰ ਬੈਠੇ ਇਕ ਪੰਡਿਤ ਦੀ ਬੋਦੀ ਨੂੰ ਵੱਟ ਚਾੜ੍ਹਨਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਹੱਥੇਲੀਆਂ ਨਾਲ ਉਹਨੂੰ ਹਵਾ ਵਿਚ ਖਲ੍ਹਾਰਦਾ ਬੋਲਿਆ—"ਝੰਡਾ ਊਂਚਾ ਰਹੇ ਹਮਾਰਾ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਬੰਦਾ ਮੁਸਾਫ਼ਰਾਂ ਦੇ ਹਾਸੇ ਵਿਚ ਸ਼ਰਮਿੰਦਾ ਬੋਲ ਨਾ ਸਕਿਆ।

ਇਕ ਵਾਰ ਕਿਸੇ ਜਾਣਕਾਰ ਬੰਦੇ ਨੇ ਕਵੀ ਦਰਬਾਰ ਕਰਾਇਆ, ਪਰ ਉਪਾਸਕ ਨੂੰ ਸੱਦਾ ਨਾ ਦਿੱਤਾ। ਸ਼ਾਮ ਨੂੰ ਜਦੋਂ ਕਵੀ ਦਰਬਾਰ ਆਰੰਭ ਹੋਇਆ, ਤਾਂ ਜਾਮਾ ਮਸਜਿਦ ਦੇ ਟੁਟੇ ਭੱਜੇ, ਉਰਦੂ ਦੇ ਪੰਦਰਾਂ ਵੀਹ ਸ਼ਾਇਰ ਹੱਥਾਂ ਵਿਚ ਜੁੱਤੀਆਂ ਚੁੱਕੀ, "ਆਦਾਬ ਅਰਜ਼, ਆਦਾਬ ਅਰਜ਼" ਕਰਦੇ ਆ ਬੈਠੇ। ਸਟੇਜ ਤੇ ਘੁਸਰ ਮੁਸਰ ਹੋਣ ਲੱਗੀ। ਪ੍ਰਬੰਧਕ ਨੇ ਉਹਨਾਂ ਵਿਚੋਂ ਇਕ ਨੂੰ ਪੁੱਛਿਆ—"ਆਪ ਕੈਸੇ ਆਏ ?"

ਉਸ ਨੇ ਕਿਹਾ—"ਏਕ ਸਰਦਾਰ ਜੀ ਆਪ ਕਾ ਦਾਵਤਨਾਮਾ ਦੇ ਗਏ ਥੇ, ਔਰ ਤਾਕੀਦ ਕਰ ਗਏ ਥੇ ਕਿ ਵਰਤ ਪਰ ਪਹੁੰਚ ਜਾਈਏਗਾ।"

ਬਾਅਦ ਵਿਚ ਪਤਾ ਲੱਗਿਆ ਕਿ ਬਿਸ਼ਨ ਸਿੰਘ ਉਪਾਸਕ ਨੇ ਉਹਨਾਂ ਨੂੰ ਭੇਜਿਆ ਸੀ।

ਉਪਾਸ਼ਕ ਤੇ ਹਜ਼ਾਰਾ ਸਿੰਘ ਗੁਰਦਾਸਪੁਰੀ ਕਵਿਤਾ ਦੀ ਗੱਲ ਕਰਦੇ ਕਰਦੇ ਤੂੰ ਤੂੰ ਮੈਂ ਮੈਂ ਉਤੇ ਆ ਗਏ। ਉਪਾਸਕ ਨੇ ਉਸੇ ਵੇਲੇ ਬੈਗ ਵਿਚੋਂ ਡਾਇਰੀ ਕੱਢੀ ਤੇ ਉਸ ਉਪਰ ਲਿਖਿਆ—"ਮੇਰੀ ਮੌਤ ਜਦੋਂ ਵੀ ਹੋਵੇ, ਜਿਥੇ ਵੀ ਹੋਵੇ, ਉਸ ਦਾ ਜ਼ਿੰਮੇਵਾਰ ਹਜ਼ਾਰਾ ਸਿੰਘ ਗੁਰਦਾਸਪੁਰੀ ਨੂੰ ਸਮਝਿਆ ਜਾਏ।"

ਗੁਰਦਾਸਪੁਰੀ ਨੇ ਉਸ ਨੂੰ ਮਸਾਂ ਮਨਾਇਆ, ਤੇ ਇਹ ਫ਼ਿਕਰਾ ਕਟਾਉਣ ਲਈ ਸ਼ਰਾਬ ਦੀ ਪਾਰਟੀ ਦੇਣੀ ਪਈ।

ਤਾਰਾ ਚੰਦ "ਆਜ਼ਾਦ" ਤੇ ਬਿਸ਼ਨ ਸਿੰਘ ਉਪਾਸਕ ਦੀ ਜੋੜੀ ਪ੍ਰਸਿਧ ਸੀ। ਦਿਨ ਭਾਵੇਂ ਨਾ ਮਿਲਿਆਂ ਲੰਘ ਜਾਵੇ, ਪਰ ਸ਼ਾਮ ਇਕੱਠੇ ਪੀਂਦਿਆਂ ਲੰਘਦੀ। ਇਕ ਵਾਰ ਆਜ਼ਾਦ ਤੇ ਉਪਾਸਕ ਲੜ ਪਏ। ਉਪਾਸਕ ਨੇ ਗੁੱਸੇ ਵਿਚ ਕਿਹਾ—"ਮੈਂ ਜਿਨੀਆਂ ਕਿਤਾਬਾਂ ਤੈਨੂੰ ਦਿੱਤੀਆਂ, ਹੁਣੇ ਵਾਪਸ ਕਰ।"

ਤਾਰਾ ਚੰਦ ਆਜ਼ਾਦ ਵੀ ਗੁੱਸੇ ਵਿਚ ਸੀ। ਉਹਨੇ ਸਾਰੀਆਂ ਕਿਤਾਬਾਂ ਲਿਆ ਕੇ ਵਿਹੜੇ ਵਿਚ ਢੇਰ ਲਾ ਦਿੱਤਾ—"ਚੁੱਕ ਲੈ ਇਹਨਾਂ ਮਾਵਾਂ ਨੂੰ।"

ਉਪਾਸ਼ਕ ਨੇ ਸਾਰੀਆਂ ਕਿਤਾਬਾਂ ਸਾਈਕਲ ਤੇ ਲੱਦੀਆਂ ਤੇ ਚਲਾ ਗਿਆ।

ਦੂਜੇ ਦਿਨ ਦੁਪਹਿਰ ਬਾਅਦ ਆਜ਼ਾਦ ਕੋਲ ਇਕ ਬੰਦਾ ਆਇਆ, ਤੇ ਕਹਿਣ ਲੱਗਾ—"ਇਕ ਸਰਦਾਰ ਸਾਹਬ ਤੁਹਾਨੂੰ ਬਾਹਰ ਬੁਲਾ ਰਹੇ ਨੇ।"

ਆਜ਼ਾਦ ਸੜਕ ਤੇ ਗਿਆ ਤਾਂ ਦੇਖਿਆ, ਉਪਾਸਕ ਖੜਾ ਹੈ।

"ਚਲ ਆਜ਼ਾਦ ਤੈਨੂੰ ਸ਼ਰਾਬ ਪਿਲਾਵਾਂ।"

"ਨਹੀਂ! ਮੈਂ ਤੇਰੇ ਨਾਲ ਨਹੀਂ ਪੀਣੀ। ਕਸਮ ਪਾ ਦਿੱਤੀ ਆ", ਆਜ਼ਾਦ ਗੁੱਸੇ ਵਿਚ ਬੋਲਿਆ। ਉਪਾਸਕ ਮੁਸਕਰਾ ਕੇ ਕਹਿਣ ਲੱਗਾ—"ਉਏ ਜਾਦੋ (ਆਜ਼ਾਦ) ਇਹ ਤੇਰੇ ਈ ਪੈਸਿਆਂ ਦੀ ਆ। ਮੈਂ ਸਾਰੀਆਂ ਕਿਤਾਬਾਂ ਪੰਜਾਬੀ ਬੁਕ ਸਟੋਰ ਤੇ ਵੇਚ ਕੇ ਬੋਤਲ ਲੈ ਆਇਆਂ, ਆਹ ਦੇਖ।" ਉਪਾਸਕ ਨੇ ਬੋਤਲ ਕੱਢ ਕੇ ਵਿਖਾਲੀ।

ਆਜ਼ਾਦ ਖ਼ੁਸ਼ ਹੋ ਗਿਆ—"ਉਏ ਠਹਿਰ ਮੈਂ ਆਪਣਾ ਬਾਈਸਿਕਲ ਲੈ ਆਵਾਂ।" ਦੋਵੇਂ ਯਾਰ ਫੇਰ ਇਕੱਠੇ ਹੋ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੌਕਤ ਢੰਡਾੜਵੀ ਇਕਹਿਰੇ ਸਰੀਰ ਦਾ ਕਵੀ, ਉਪਾਸਕ ਨੂੰ ਸਾਈਕਲ ਤੇ ਲੱਦ ਕੇ ਕਰੋਲ ਬਾਗ ਦੀ ਚੜ੍ਹਾਈ ਚੜ੍ਹ ਰਿਹਾ ਸੀ। ਉਪਾਸਕ ਬੋਲਿਆ—"ਸ਼ੌਕਤਾ, ਤੇਰੇ ਕੋਲ ਨੌਂ ਰੁਪਏ ਬਾਰਾਂ ਆਨੇ ਹੈਗੇ ?"

"ਹੈਗੇ ਉਸਤਾਦ ਜੀ, ਕੀ ਕਰਨੇ ਆਂ ?" ਸ਼ੌਕਤ ਨੇ ਪੁੱਛਿਆ।

"ਠਹਿਰ ਫੇਰ, ਸਾਈਕਲ ਰੋਕ।" ਉਪਾਸਕ ਬੋਲਿਆ।

ਸ਼ੌਕਤ ਨੇ ਬਾਈਸਿਕਲ ਰੋਕ ਲਿਆ। ਉਪਸਕ ਨੇ ਆਪਣੀ ਜੇਬ ਵਿਚੋਂ ਇਕ ਚੁਆਨੀ ਕੱਢੀ ਤੇ ਸ਼ੌਕਤ ਨੂੰ ਫੜਾਉਂਦਿਆਂ ਕਹਿਣ ਲੱਗਾ—"ਆਹ ਲੈ ਫੜ ਚੁਆਨੀ, ਨੌ ਰੁਪਏ ਬਾਰਾਂ ਆਨੇ ਆਪਣੇ ਪਾ, ਤੇ ਇਕ ਅੱਧਾ ਦੇਸੀ ਦਾ ਫੜ ਲਿਆ। ਮੈਂ ਅੱਜ ਤੇਰਾ ਕੁਝ ਬਣਾਉਣਾ ਚਾਹੁੰਦਾ ਹਾਂ।"

ਇਕ ਦਿਨ ਕੋਈ ਅਰਥੀ ਜਾਂਦੀ ਦੇਖੀ, ਜਿਸ ਦੇ ਨਾਲ ਬੇਸ਼ੁਮਾਰ ਲੋਕ ਸਨ। ਉਪਾਸਕ ਆਜ਼ਾਦ ਨੂੰ ਕਹਿਣ ਲੱਗਾ—"ਯਾਰ, ਜੇ ਇੰਨੇ ਬੰਦੇ ਮੇਰੀ ਅਰਥੀ ਨਾਲ ਆ ਸਕਣ, ਤਾਂ ਮੇਰਾ ਅੱਜ ਈ ਮਰ ਜਾਣ ਨੂੰ ਜੀ ਕਰਦੈ।"

ਸ਼ਾਮ ਨੂੰ ਦੋਹਾਂ ਨੇ ਸ਼ਰਾਬ ਪੀਤੀ, ਤੇ ਡੂੰਘੀ ਰਾਤ ਵੇਲੇ ਦੋਵੇਂ ਜੁਦਾ ਹੋਏ।

ਸਵੇਰੇ ਅਖ਼ਬਾਰ ਵਿਚ ਖ਼ਬਰ ਪੜ੍ਹੀ ਕਿ ਬਿਸ਼ਨ ਸਿੰਘ ਉਪਾਸਕ ਦਾ ਖ਼ਤਰਨਾਕ ਐਕਸੀਡੈਂਟ ਹੋ ਗਿਆ ਹੈ, ਤੇ ਉਹ ਹਸਪਤਾਲ ਵਿਚ ਬੇਹੋਸ਼ ਪਿਆ ਹੈ। ਕੋਈ ਮੋਟਰ ਉਪਾਸਕ ਨੂੰ, ਉਹਦੇ ਬਾਈਸਿਕਲ ਨੂੰ ਦੂਰ ਤਕ ਘਸੀਟਦੀ ਲੈ ਗਈ ਸੀ।

ਮੈਂ ਤੇ ਤਾਰਾ ਚੰਦ ਆਜ਼ਾਦ ਹਸਪਤਾਲ ਪੁਜੇ। ਭੀੜ ਲੱਗੀ ਹੋਈ ਸੀ।

ਉਪਾਸ਼ਕ ਦਾ ਸਿਰ ਮੁੰਨਿਆ ਹੋਇਆ ਸੀ। ਛਿੱਜੀ ਹੋਈ ਬਨੈਣ ਉਹਦੇ ਗੱਲ ਸੀ। ਅੱਖਾਂ ਖੁਲੀਆਂ ਸੀ, ਤੇ ਸਾਹ ਚਲ ਰਿਹਾ ਸੀ।

ਅਸੀਂ ਉਹਦੇ ਸਾਹਮਣੇ ਹੋਏ ਤਾਂ ਉਹਦੀਆਂ ਅੱਖਾਂ ਵਿਚੋਂ ਇਕ ਹਲਕਾ ਜਿਹਾ ਪਰਛਾਵਾਂ ਲੰਘਿਆ। ਪਰ ਉਹ ਨਾ ਹਿਲਿਆ, ਨਾ ਬੋਲਿਆ, ਨਾ ਹੀ ਅੱਖਾਂ ਝਪਕੀਆਂ! ਦਾਤਾ ਨੇ ਉਸ ਕੋਲੋਂ ਸਭ ਕੁਝ ਖੋਹ ਲਿਆ ਸੀ।

ਬਿਸ਼ਨ ਸਿੰਘ ਉਪਾਸਕ ਆਪਣੀ ਮਲੰਗੀ ਦਾ, ਤੇ ਉਸ ਦਾ ਸਾਹਿਤ ਪੰਜਾਬੀ ਆਲੋਚਕਾਂ ਦੀ ਅਣਗਹਿਲੀ ਦਾ ਸ਼ਿਕਾਰ ਰਹੇ। ਉਸ ਦੀਆਂ ਅਠਾਰਾਂ ਪੁਸਤਕਾਂ ਛਪੀਆਂ, ਜਿਨ੍ਹਾਂ ਵਿਚ 10 ਕਾਵਿ-ਸੰਗ੍ਰਹਿ ਹਨ, ਦੋ ਵਿਅੰਗ ਦੀਆਂ, ਅਤੇ ਦੋ ਹੀ ਨਾਵਲ ਹਨ। ਉਪਾਸਕ ਨੇ ਚਾਰ ਨਾਵਲ ਉਰਦੂ ਤੋਂ ਪੰਜਾਬੀ ਵਿਚ ਤਰਜਮਾ ਕੀਤੇ ਸਨ। ਉਸ ਦੀਆਂ ਕਵਿਤਾਵਾਂ ਤੋ ਗੀਤ ਰੇਡੀਓ ਤੋਂ ਆਮ ਸੁਣੇ ਜਾਂਦੇ ਰਹੇ। "ਪਾਸ਼ੋ ਜੁਆਨ ਹੋ ਗਈ—ਇਕਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ—ਮੇਰਾ ਪਿਆਰ ਕਰਨ ਨੂੰ ਜੀ ਕਰਦਾ—ਤੇ ਹੋਰ ਕਈ ਗੀਤ ਲੋਕਾਂ ਦੀ ਜ਼ਬਾਨ ਤੇ ਹਨ।

ਉਪਾਸਕ ਦੀਆਂ ਕੁਝ ਕਵਿਤਾਵਾਂ ਉਹਦੇ ਨਿੱਜੀ ਜੀਵਨ ਦੀ ਸਾਰ ਦਿੰਦੀਆਂ ਹਨ, ਜਿਵੇਂ :—

ਸੋਚ ਰਿਹਾ ਹਾਂ,
ਦੁਨੀਆ ਅੱਗੇ ਆਪਣੀ ਧੌਣ ਝੁਕਾ ਕੇ ਰੱਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਤਲਬ ਪੂਰਾ ਕਰਨ ਦੀ ਖ਼ਾਤਰ
ਸਭ ਦੇ ਨਾਲ ਬਣਾ ਕੇ ਰੱਖਾਂ
ਅੱਗ ਅਣਖ ਦੀ ਜਦ ਵੀ ਭੜਕੇ
ਹੰਝੂਆਂ ਨਾਲ ਬੁਝਾ ਕੇ ਰੱਖਾਂ
ਅਕਲ ਕਹੇ, ਇਹ ਠੀਕ ਰਹੇਗਾ,
ਪਰ ਇਹ ਚੰਦਰਾ ਦਿਲ ਨਹੀਂ ਮੰਨਦਾ ।

ਹਰ ਕਿਸੇ ਨੂੰ ਚੁਕਿਆ 'ਵਾਰਸ' ਤੇ ਬੁੱਲ੍ਹਾ ਆਖ ਕੇ
ਹਰ ਹਨੇਰੇ ਸਿਰ ਨੂੰ 'ਸੂਰਜ ਅਦਬ ਦਾ' ਕਹਿੰਦਾ ਰਿਹਾ ।
ਬੌਨਿਆਂ ਨੂੰ ਆਖਿਆ, "ਉੱਚੇ ਤੁਸੀਂ ਹੋ ਅਰਸ਼ ਤੋਂ"
ਬਾਂਦਰਾਂ, ਤੇ ਪਾਗਲਾਂ ਨੂੰ ਰਹਿਨੁਮਾ ਕਹਿੰਦਾ ਰਿਹਾ ।
ਕੁਝ ਸੀ ਦਿਲ੍ਹ ਰਖਣ ਦੀ ਆਦਤ,
ਕੁਝ ਸੀ ਖਿਦਮਤ ਦਾ ਜਨੂਨ,
ਕਈਆਂ ਦੇ ਬਕਵਾਸ ਨੂੰ ਸਾਹਿਤ, ਕਲਾ, ਕਹਿੰਦਾ ਰਿਹਾ ।

ਬਿਸ਼ਨ ਸਿੰਘ ਉਪਸ਼ਕ "ਸਾਈਕਲ ਸਵਾਰ ਕਵੀ" ਸੀ, ਅਤੇ ਇਹ ਸਾਈਕਲ ਉਸ ਦਾ ਸਾਥ ਕੇਸਾਂ ਸੁਆਸਾਂ ਨਾਲ ਨਿਭਾਉਂਦੀ ਰਹੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਨਣ ਦਾ ਰੁੱਖ

ਸਿੰਕਦਰ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ। ਉਸ ਨੇ ਗੁਜਰਾਤ ਫ਼ਤਿਹ ਕਰ ਕੇ ਇਥੇ ਇਕ ਗਵਰਨਰ ਨਿਯੁਕਤ ਕਰ ਦਿੱਤਾ। ਗੁਜਰਾਤ ਦਾ ਇਹ ਗਵਰਨਰ ਸੋਬਤੀ ਸੀ। ਪੰਜਾਬ ਅੰਦਰ ਜਿੰਨੇ ਸੋਬਤੀ ਗੋਤਰੀ ਹਨ, ਉਹਨਾਂ ਸਭ ਦਾ ਉਸੇ ਗਵਰਨਰ ਦੇ ਖ਼ਾਨਦਾਨ ਨਾਲ ਨਾਤਾ ਜੁੜ ਜਾਂਦਾ ਹੈ।

ਮੈਂ ਲਖਨਊ ਰੋਡ ਦੀ ਉਹ ਕੋਠੀ ਤਲਾਸ਼ ਕੀਤੀ, ਜਿਥੇ ਕ੍ਰਿਸ਼ਨਾ ਸੋਬਤੀ ਰਹਿੰਦੀ ਸੀ। ਇਕ ਬੱਚੇ ਨੇ ਕਿਹਾ, "ਔਹ ਪੌੜੀਆਂ ਚੜ੍ਹ ਜਾਉ, ਸਭ ਤੋਂ ਉਤਲਾ ਫ਼ਲੈਟ ਉਹਨਾਂ ਦਾ ਹੈ।"

ਸਭ ਤੋਂ ਉਤਲੇ ਘਰ ਦਾ ਮੈਂ ਬੂਹਾ ਖੜਕਾਇਆ। ਬੂਹਾ ਖੁਲ੍ਹਾ ਹੀ ਸੀ। ਮੈਂ ਦਹਿਲੀਜ਼ਾਂ ਟੱਪ ਕੇ ਵਿਹੜੇ ਵਰਗੀ ਛੱਤ ਉਤੇ ਜਾ ਪੁੱਜਾ।

ਕਮਰਿਆਂ ਦੇ ਛੱਜਿਆਂ ਨਾਲ ਲਟਕਦੀਆਂ ਚਿਕਾਂ ਜ਼ੋਰਦਾਰ ਹਵਾ ਨਾਲ ਉੱਡ ਰਹੀਆਂ ਸਨ। ਰਸੋਈ ਅੱਗੇ ਲਟਕਦੀ ਚਿਕ ਉੱਡੀ। ਉਥੇ ਕੋਈ ਨਹੀਂ ਸੀ। ਮੈਂ ਘੰਟੀ ਵਜਾਉਣਾ ਚਾਹੁੰਦਾ ਸਾਂ, ਪਰ ਕੋਈ ਘੰਟੀ ਨਹੀਂ ਸੀ।

ਚਿਕ ਫੇਰ ਉੱਡੀ। ਕਾਲੇ ਦੁਪੱਟੇ, ਕਾਲੇ ਕਸ਼ਮੀਰੀ ਕੁਰਤੇ, ਅਤੇ ਕਾਲੇ ਘੁਟਵੇਂ ਪਜਾਮੇ ਵਿਚ ਕੋਈ ਤ੍ਰੀਮਤ ਦਿਸੀ। ਕੋਈ ਮੁਸਲਮਾਣੀ। ਉਸ ਦੇ ਵਾਲ ਹਵਾ ਨਾਲ ਉਡ ਕੇ ਗੋਰੇ ਚਿੱਟੇ ਮੂੰਹ ਉਪਰ ਬਿਖਰ ਗਏ। ਉਸ ਨੇ ਝਟਕੇ ਨਾਲ ਵਾਲ ਹਟਾਏ, ਅਤੇ ਚਿਕ ਉਠਾ ਕੇ ਬਾਹਰ ਆ ਗਈ।

ਇਹ ਕ੍ਰਿਸ਼ਨਾ ਸੋਬਤੀ ਸੀ। ਨਿਰਾ ਚਾਨਣ ਦਾ ਰੁੱਖ।

"ਮੇਰਾ ਨਾਂ ਤਾਰਾ ਸਿੰਘ ਹੈ।" ਮੈਂ ਆਖਿਆ।

ਉਸ ਹੱਥ ਜੋੜੇ, ਤੇ ਅੰਗਰੇਜ਼ੀ ਵਰਗੀ ਪੰਜਾਬੀ ਵਿਚ ਕਿਹਾ—"ਆਨ ਦਾ ਧੰਨਵਾਦ।"

ਛੱਤ ਦੇ ਵਿਹੜੇ ਵਿਚ ਚਾਰ ਕੁਰਸੀਆਂ ਤੇ ਬੈਂਤ ਦੀ ਨਿੱਕੀ ਮੇਜ਼ ਵਿਛੀ ਹੋਈ ਸੀ। ਗਮਲਿਆਂ ਵਿਚ ਕਿਉੜੇ, ਪਾਮ, ਅਤੇ ਬੋਹਰ ਦੇ ਪੌਦੇ ਸਨ, ਜਿਨ੍ਹਾਂ ਨੂੰ ਹੁਣੇ ਪਾਣੀ ਦਿੱਤਾ ਗਿਆ ਸੀ।

ਉਸ ਪੁੱਛਿਆ, "ਅੰਦਰ ਬੈਠੋਗੇ, ਜਾਂ ਬਾਹਰ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠੰਢੀ, ਭਿੱਜੀ ਹਵਾ ਚਲ ਰਹੀ ਸੀ। ਆਸਮਾਨ ਤੇ ਬੱਦਲ ਘਿਰੇ ਹੋਏ ਸਨ। ਮੈਂ ਕਿਹਾ, "ਬਾਹਰ ਠੀਕ ਰਹੇਗਾ।"

ਅਸੀਂ ਬੈਠ ਗਏ।

"ਮੈਂ ਖਿਮਾ ਮੰਗਦਾ ਹਾਂ, ਮੈਂ ਤੁਹਾਨੂੰ ਆਪਣਾ ਫ਼ੋਨ ਨੰਬਰ ਨਾ ਦਸ ਸਕਿਆ, ਨਹੀਂ ਤਾਂ ਤੁਸੀਂ ਅਸਾਨੀ ਨਾਲ ਅੱਜ ਦੀ ਮੀਟਿੰਗ ਕੈਂਸਲ ਕਰ ਸਕਦੇ ਸੀ।"

ਉਹ ਸ਼ਾਇਦ ਮੁਸਕਰਾਈ। ਉਸ ਪੁੱਛਿਆ, "ਕੀ ਪੀਓਗੇ? ਚਾਹ? ਕਾਫ਼ੀ ਕਿ ਠੰਢਾ?"

"ਠਹਿਰ ਕੇ, ਕਾਫ਼ੀ। ਪਰ ਅਜੇ ਕੁਝ ਨਹੀਂ। ਤੁਸੀਂ ਨਿਸਚਿੰਤ ਬੈਠੋ, ਮੈਂ ਆਪੇ ਮੰਗ ਲਵਾਂਗਾ।" ਮੈਂ ਕਿਹਾ।

"ਬਿਲਕੁਲ ਪੰਜਾਬੀਆਂ ਵਾਂਗ ਹੀ ਠੀਕ ਰਹੇਗਾ।" ਕ੍ਰਿਸ਼ਨਾ ਸੋਬਤੀ ਨੇ ਆਖਿਆ। "ਤੁਸੀਂ ਦਿੱਲੀ ਵਿਚ ਕਦੋਂ ਤੋਂ ਰੈਂਦੇ ਓ?"

"1942 ਤੋਂ!" ਮੈਂ ਸੋਚਿਆ, ਇਹ "ਰੈਂਦੇ ਓ" ਤਾਂ ਮੈਂ ਪੁੱਛਣਾ ਸੀ! "ਤੁਹਾਡਾ ਜਨਮ ਕਿਸ ਥਾਂ ਦਾ ਹੈ?" ਅਗਲਾ ਪ੍ਰਸ਼ਨ ਮੈਂ ਪਕੜ ਲਿਆ।

"ਗੁਜਰਾਤ। ਜਿਹੜਾ ਪੰਜਾਬ ਵਿਚ ਹੈ।"

"ਤਾਂ ਤੇ ਤੁਸੀਂ ਸੋਹਣੀ ਦੇ ਪਿੰਡ ਦੇ ਹੋਏ ਨਾ।" ਮੈਂ ਕਿਹਾ।

"ਖ਼ਾਲਿਸ।"

"ਅਸੀਂ ਪਹਿਲਾਂ ਨਿੰਦਾ ਕਰ ਲਈਏ, ਤਾਂ ਕੈਸਾ ਰਹੇਗਾ?" ਮੈਂ ਤਜਵੀਜ਼ ਰੱਖੀ।

ਉਹਨੇ ਮੁਸਕਰਾ ਕੇ ਆਖਿਆ, "ਸ਼ੁਰੂ ਕਰਨਾ ਹੀ ਮੁਸ਼ਕਲ ਹੋ ਜਾਵੇਗਾ।" ਮੁਸਕਰਾਉਂਦਿਆਂ ਕ੍ਰਿਸ਼ਨਾਂ ਸੋਬਤੀ ਦੇ ਚਿਹਰੇ ਉਤੇ ਇਕ ਦਾਨਾਈ ਜਿਹੀ ਉਜਾਗਰ ਹੋ ਗਈ। ਉਸ ਦੇ ਗੋਲ ਚਿਹਰੇ ਉਤੇ ਤੇਜ਼ ਅੱਖਾਂ ਇਸ ਦਾਨਾਈ ਨੂੰ ਉਂਗਲੀ ਲਾਈ ਫਿਰਦੀਆਂ ਸਨ।

ਇਕ ਹਿੰਦੀ ਸਾਹਿੱਤਕਾਰ ਨੇ, ਜੋ ਪੰਜਾਬੀ ਹੈ, ਮੈਨੂੰ ਦੱਸਿਆ ਸੀ—"ਉਸ ਦੇ ਕੋਲ ਸ਼ਮਲਿਆਂ ਵਾਲੇ ਘੋੜ ਸਵਾਰ, ਹੱਥਾਂ ਵਿਚ ਤਿੰਨ ਤਿੰਨ ਫ਼ੁਟੀਆਂ ਪਕੜ ਕੇ ਜਾਂਦੇ ਹਨ, ਤੇ ਉਹ ਘੋੜੇ ਕਿਰਪਾਨਾਂ ਖੋਹ, ਉਹਨਾਂ ਦੇ ਸ਼ਮਲੇ ਪੁੱਟਕੇ ਹੱਥ ਫੜਾ ਦਿੰਦੀ ਹੈ। ਉਹ ਅੱਗ ਹੈ ਅੱਗ, ਦਹਿਕਦੀ, ਖ਼ੌਲਦੀ! ਜੇ ਤੁਹਾਡੀਆਂ ਸੱਤ ਭੈਣਾਂ ਹਨ, ਤਾਂ ਅੱਜ ਤੋਂ ਅੱਠ ਹੋਈਆਂ, ਜੇ ਤੁਹਾਡੇ ਤਿੰਨ ਦੋਸਤ ਹਨ, ਤਾਂ ਅੱਜ ਤੋਂ ਚਾਰ ਹੋਏ। ਜੇ ਤੁਹਾਡੇ ਦੋ ਰੱਬ ਹਨ, ਤਾਂ ਅੱਜ ਤੋਂ ਇਕ ਹੋਇਆ।"

ਕ੍ਰਿਸ਼ਨਾ ਸੋਬਤੀ ਕੋਈ ਵੀ ਗੱਲ ਕਰੇ, ਕਿਤੇ ਨਾ ਕਿਤੇ ਜ਼ਰੂਰ ਆਖੇਗੀ— "ਪੰਜਾਬ ਦਾ ਕੋਈ ਜਵਾਬ ਨਹੀਂ। ਅਸੀਂ ਸਦਾ ਅੱਗ ਵਿਚ ਫੁੱਲ ਉਗਾਏ ਹਨ।"

ਉਸ ਆਖਿਆ, 'ਸਿਕੰਦਰ ਆਵੇ, ਤਾਂ ਉਸ ਨਾਲ ਪੰਜਾਬੀ ਲੋਹਾ ਲੈਣ, ਤੈਮੂਰ, ਬਾਬਰ, ਜਾਂ ਦੁੱਰਾਨੀ ਆਵੇ, ਪੰਜਾਬੀਆਂ ਨੂੰ ਸਭ ਨਾਲ ਅੱਗੇ ਹੋ ਕੇ ਲੋਹਾ ਲੈਣਾ ਪੈਂਦਾ। ਸੱਜਣ ਵਿਛੜ ਜਾਂਦੇ, ਮਾਂ, ਪੁੱਤਰ, ਭਰਾ, ਪਤੀ, ਯਾਰਾਂ ਦੇ ਯਾਰ, ਸਭ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੁੱਟਿਆ ਜਾਂਦਾ । ਜਾਬਰ ਜ਼ਨਾਨੀਆਂ ਖੋਹ ਲੈਂਦੇ, ਬੱਚਿਆਂ ਨੂੰ ਮਸਲ ਦਿੰਦੇ, ਪਰ ਪੰਜਾਬੀ ਔਕੜਾਂ ਨਾਲ ਜੂਝਦੇ, ਮੌਤ ਨਾਲ ਖ਼ੌਫਨਾਕ ਖੇਡ ਖੇਡਦੇ, ਇਹਨਾਂ ਦੇ ਜਿਸਮ ਤੇ ਰੂਹ ਜ਼ਖਮਾਂ ਨਾਲ ਪੱਛੇ ਜਾਂਦੇ, ਤੇ ਇਸ ਤਰ੍ਹਾਂ ਇਹ ਉਹਨਾਂ ਸਾਊਥ ਵਾਲਿਆਂ ਦੀਆਂ ਜਾਨਾਂ ਬਚਾਉਂਦੇ, ਜੋ ਅੱਜ ਆਪਣੇ ਕਲਚਰ ਦਾ ਢੰਡੋਰਾ ਪਿਟਦੇ ਨਹੀਂ ਥੱਕਦੇ । ਇਹਨਾਂ ਦੀ ਸਭਿਅਤਾ, ਪੰਜਾਬੀਆਂ ਦੇ ਹੱਥਾਂ ਵਿਚ ਪਕੜੇ ਲੋਹੇ ਨੇ ਸਿਰਜੀ ਹੈ, ਇਹ ਸਾਡੇ ਗ਼ਰੂਰ ਸਾਡੇ ਸਿਰੜ ਤੋਂ ਬਣੀ ਹੈ ।''

ਕ੍ਰਿਸ਼ਨਾ ਸੋਬਤੀ ਵਿਚ ਪੰਜਾਬੀਅਤ ਸਾਹ ਲੈਂਦੀ ਮਹਿਸੂਸ ਕੀਤੀ ਜਾ ਸਕਦੀ ਹੈ ।

''ਆਪਣੇ ਬੰਦਿਆਂ ਦਾ ਪਤਾ ਉਦੋਂ ਲੱਗਦਾ ਹੈ, ਜਦੋਂ ਪੰਜਾਬ ਤੋਂ ਦੂਰ ਹੋਈਏ । ਪੰਜਾਬੀਆਂ ਵਿਚ ਰੜਕ ਕੇ ਵੱਸਣ ਦਾ ਗੁਣ ਮੈਨੂੰ ਬੇਹੱਦ ਪਿਆਰਾ ਲੱਗਦਾ ਹੈ । ਇਹ ਰੜਕ ਹੀ ਪੰਜਾਬੀਆਂ ਨੂੰ ਬਾਕੀ ਹਿੰਦੁਸਤਾਨੀਆਂ ਨਾਲੋਂ ਅਲਗ ਕਰਦੀ ਹੈ ।'' ਕ੍ਰਿਸ਼ਨਾ ਸੋਬਤੀ ਕਹਿ ਰਹੀ ਸੀ ।

ਮੇਰੇ ਜ਼ਿਹਨ ਵਿਚ ਇਕਬਾਲ ਦਾ ਇਹ ਸ਼ਿਅਰ ਗੂੰਜਿਆ :

ਮੈਂ ਖਟਕਤਾ ਹੂੰ ਦਿਲਇ ਯਜ਼ਦਾਂ ਮੈਂ ਕਾਂਟੇ ਕੀ ਤਰਿਹ,
ਤੂ ਫ਼ਕਤ ਅੱਲਾਹ ਹੂ, ਅੱਲਾਹ ਹੂ, ਅੱਲਾਹ ਹੂ ।

ਉਸ ਆਖਿਆ, ''ਇਕ ਵਾਰ ਅਸੀਂ ਹਲਦਵਾਨੀ ਤੋਂ ਬਰੇਲੀ ਨੂੰ ਸਫ਼ਰ ਕਰ ਰਹੇ ਸਾਂ । ਰਸਤੇ ਵਿਚ ਦੋ ਤਿੰਨ ਤਹਿਮਤਾਂ ਵਾਲੇ ਜੱਟ ਸਿੱਖ ਚੜ੍ਹੇ । ਤਗੜੇ, ਮੰਡਾਸਿਆਂ ਵਾਲੇ । ਇਸ ਬਸ ਵਿਚ ਇਕ ਹਿੰਦੂ ਥਾਣੇਦਾਰ ਵੀ ਸੀ । ਇਕ ਨੇ ਮੇਰੇ ਵੱਲ ਦੇਖ ਕੇ ਕਿਹਾ, ''ਜਦੋਂ ਤਾਈਂ ਹਿੰਦੁਸਤਾਨ ਵਿਚ ਹਿੰਦੂ ਐ, ਰਿਸ਼ਵਤ ਲੈਣੋਂ ਨਹੀਂ ਹਟ ਸਕਦਾ, ਤੇ ਜਦੋਂ ਤਾਈਂ ਸਿੱਖ ਜੱਟ ਐ, ਰਿਸ਼ਵਤ ਦੇਣੋਂ ਬਾਜ਼ ਨਹੀਂ ਆ ਸਕਦਾ ।''

ਮੈਂ ਮੁਸਕਰਾਈ, ਤੇ ਹੈਰਾਨ ਵੀ ਹੋਈ । ''ਕਿਸ ਤਰ੍ਹਾਂ ਸਰਦਾਰ ਜੀ ?''

''ਮੈਂ ਜੀ ਇਧਰ ਆਣ ਕੇ ਪਹਿਲਾਂ ਟਰੱਕ ਪਾਇਆ ਸੀ । ਮੁੰਡਿਆਂ ਨਾਲ ਰਲ ਕੇ ਇਕ ਦਿਨ ਨਸ਼ਾ ਪੀ ਲਿਆ । ਗੁੱਟ । ਪਤਾ ਨਾ ਲੱਗੇ, ਟਰੱਕ ਤੇ ਆਂ ਕਿ ਹਵਾਈ ਜਹਾਜ਼ ਤੇ । ਰਾਹ ਵਿਚ ਚੈਕਿੰਗ ਵਾਲੇ ਖੜੇ ਸਨ । ਉਹਨਾਂ ਨੂੰ ਦੇਖ ਕੇ ਬੇਧਿਆਨੇ ਈਂ ਟਰੱਕ ਤੇਜ਼ ਹੋ ਗਿਆ । ਨਸ਼ੇ ਵਿਚ ਐਸੀ ਗ਼ਲਤੀ ਲੱਗੀ, ਭਈ ਬੰਦਾ ਹੇਠ ਆ ਗਿਆ । ਜੋ ਹੋਣਾ ਸੀ ਹੋ ਗਿਆ । ਮੈਂ ਪਿੱਛਾ ਮੁੜ ਕੇ ਨਹੀਂ ਦੇਖਿਆ, ਟਰੱਕ ਭੱਜਾ ਕੇ ਲੈ ਗਿਆ । ਮਾਲ ਲਾਹੁਣ ਤੋਂ ਪਹਿਲਾਂ ਮੈਂ ਟਰੱਕ ਨੂੰ ਰੰਗ ਰੋਗਨ ਕਰਵਾ ਦਿੱਤਾ । ਪਰ ਸੂਹ ਨਿਕਲਦੀ ਨਿਕਲਦੀ, ਉਹਨਾਂ ਮੈਨੂੰ ਆਣ ਫੜਿਆ । ਇਕੋ ਅਫ਼ਸੋਸ ਸੀ, ਭਈ ਚੈਕਿੰਗ ਵਾਲਾ ਜਿਹੜਾ ਸਾਹਬ ਮਰਿਆ ਸੀ, ਉਸ ਦੀ ਘਰ ਵਾਲੀ ਅਜੇ ਜੁਆਨ ਸੀ । ਜ਼ੁਲਮ ਹੋ ਗਿਆ । ਪਰ ਹੁਣ ਕੀ ਹੋ ਸਕਦਾ ਸੀ ! ਕੇਸ ਚਲਿਆ । ਮੈਂ ਸੋਚਿਆ, ਕੋਸ਼ਸ਼ ਕਰਨੀ ਬੰਦੇ ਦਾ ਫ਼ਰਜ਼ ਐ । ਉਹਨੀਂ ਦਿਨੀਂ ਚੀਨੀ ਦੀ ਤੰਗੀ ਸੀ । ਮੈਂ ਵੀਹ ਸੇਰ ਚੀਨੀ ਪੱਲੇ ਬੰਨ੍ਹੀ, ਤੇ ਤੁਰ ਪਿਆ । ਜਿਸ ਜੱਜ ਕੋਲ ਮੇਰਾ ਕੇਸ ਸੀ, ਉਹਦੀ ਮੇਮ ਸ਼ਾਮ ਨੂੰ ਟੈਨਸ ਖੇਡਦੀ ਹੁੰਦੀ ਸੀ । ਮੈਂ ਟੈਨਸ ਖੇਡਦੀ ਕੋਲ ਚਲਾ ਗਿਆ । ਕਹਿਣ ਲੱਗੀ—ਤੁਮ ਕੋ ਕਿਸ ਨੇ ਭੇਜਾ ਹੈ ? ਮੈਂ ਕਿਹਾ, ਮੇਮ ਜੀ, ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪੇ ਆਇਆ ਵਾਂ । ਮੈਨੂੰ ਪਤੈ, ਤੁਹਾਨੂੰ ਚੀਨੀ ਦੀ ਤੰਗੀ ਐ । ਮੈਨੂੰ ਕਿਤੋਂ ਮਿਲ ਜਾਂਦੀ ਐ, ਲਓ, ਰੱਖ ਲਓ । ਉਹਨੇ ਚੀਨੀ ਰੱਖ ਲਈ ।

"ਚਾਰ ਪੰਜ ਵਾਰ ਚੀਨੀ ਦਿੱਤੀ । ਜਦੋਂ ਦੇਖਿਆ ਮੇਮ ਕਾਬੂ ਆ ਗਈ ਐ, ਆਪਣਾ ਸਵਾਲ ਪਾ ਦਿੱਤਾ । ਮੇਮ ਸਾਹਬ, ਕਿਸੇ ਤਰ੍ਹਾਂ ਮੇਰੀ ਜਿੰਦ ਬਚਾ ਦੇ । ਉਸ ਕਿਹਾ, ਕੰਮ ਬੜਾ ਮੁਸ਼ਕਲ ਐ । ਸਾਹਬ ਨੇ ਕਿਹਾ, ਜੇ ਚੈਕਿੰਗ ਵਾਲਿਆਂ ਦਾ ਡਰਾਈਵਰ ਕਹਿ ਦੇਵੇ, ਭਈ ਧੂੜ ਉੱਡੀ ਹੋਈ ਸੀ, ਤੇ ਪਤਾ ਨਹੀਂ ਕਿਹੜਾ ਟਰੱਕ ਸੀ, ਤੇ ਕੀ ਨੰਬਰ ਸੀ, ਤਦ ਤੇਰੀ ਜਾਨ ਬੱਚ ਸਕਦੀ ਹੈ । ਸ਼ੱਕ ਦਾ ਫ਼ੈਦਾ ਮਿਲ ਜਾਊ । ਮੈਂ ਡਰਾਈਵਰ ਦੀ ਮਿਨੱਤ ਕੀਤੀ । ਉਹਦੇ ਬੀਵੀ ਬੱਚਿਆਂ ਨੂੰ ਪੁਚਕਾਰਿਆ, ਤੇ ਮੈਂ ਬੱਚ ਗਿਆ ! ਪਰ ਇਕ ਅਫ਼ਸੋਸ ਰਹਿ ਗਿਆ—ਮਰਨ ਵਾਲੇ ਦੀ ਜੁਆਨ ਵਹੁਟੀ ਰੰਡੀ ਹੋ ਗਈ ।"

... ...

ਮੈਂ ਪੁੱਛਿਆ, 'ਤੁਹਾਡੀ ਕਹਾਣੀ' ਯਾਰੋਂ ਕੇ ਯਾਰ' ਵਿਚ ਅਜਿਹੇ ਸ਼ਬਦ ਹਨ, ਜਿਨ੍ਹਾਂ ਬਾਰੇ ਅਸ਼ਲੀਲਤਾ ਦਾ ਦੋਸ਼ ਲਗਾਇਆ ਜਾਂਦਾ ਹੈ, ਜਿਵੇਂ 'ਮਾਂ ਚੋਦ' 'ਭੈਣ ਚੋਦ' 'ਯਹੱਕੜ' ਆਦਿ । ਕੀ ਇਹਨਾਂ ਤੋਂ ਬਿਨਾਂ ਕਹਾਣੀ ਨਹੀਂ ਲਿਖੀ ਜਾ ਸਕਦੀ ਸੀ ?"

"ਲਿਖੀ ਜਾ ਸਕਦੀ ਹੋਵੇਗੀ, ਪਰ ਮੈਂ ਨਹੀਂ ਸਾਂ ਲਿਖ ਸਕਦੀ । ਮੈਂ ਜੋ ਅਨੁਭਵ ਕਰਦੀ ਹਾਂ, ਉਹੋ ਲਿਖਦੀ ਹਾਂ । ਸਾਹਿੱਤ ਨਾਲ ਫਲਰਟ ਨਹੀਂ ਕੀਤਾ ਜਾ ਸਕਦਾ । ਸਾਹਿੱਤ ਕੋਈ ਧਰਮ ਸ਼ਿਖਸ਼ਾ ਨਹੀਂ । ਇਹ ਗਾਲੀਆਂ ਮੇਰੇ ਨਜ਼ਦੀਕ ਅਸ਼ਲੀਲ ਨਹੀਂ, ਸਗੋਂ ਕਿਰਦਾਰਾਂ ਦਾ ਜ਼ਿਹਨੀ ਤੇ ਸਮਾਜੀ ਪੱਧਰ ਨੀਯਤ ਕਰਦੀਆਂ ਹਨ ।"

ਕ੍ਰਿਸ਼ਨਾ ਸੋਬਤੀ ਦੇ ਚਿਹਰੇ ਉਪਰ ਇਕ ਮਾਂ ਵਰਗਾ ਜਲੌ ਰੂਪਮਾਨ ਹੋ ਰਿਹਾ ਸੀ । ਉਸ ਦੀਆਂ ਅੱਖਾਂ ਸੁਨਹਿਰੇ ਫ਼ਰੇਮ ਵਿਚ ਸੁਕੜ ਗਈਆਂ, ਤੇ ਰੌਸ਼ਨੀ ਦਾ ਮਹੀਨ ਬਿੰਦੂ ਜਾਪਣ ਲੱਗੀਆਂ ।

"ਜਦੋਂ ਮੇਰਾ ਨਾਵਲਿਟ 'ਡਾਰ ਸੇ ਬਿਛੜੀ' ਪ੍ਰਕਾਸ਼ਤ ਹੋਇਆ, ਤਾਂ ਇਲਾਹਾਬਾਦ ਵਿਚ ਇਸ ਤੇ ਇਕ ਸੈਮੀਨਾਰ ਕੀਤਾ ਗਿਆ । ਮੈਂ ਆਮੰਤ੍ਰਿਤ ਸਾਂ । ਇਕ ਪ੍ਰੋਫੈਸਰ ਨੇ ਸਵਾਲ ਕੀਤਾ, 'ਤੁਹਾਡੀ ਪੁਸਤਕ ਵਿਚ ਜ਼ਨਾਨੀਆਂ ਬਹੁਤ ਖੁਲ੍ਹ ਕੇ ਬੋਲਦੀਆਂ ਹਨ—ਬੇਹੱਦ ਅਸ਼ਲੀਲ ! ਕੀ, ਪੰਜਾਬ ਵਿਚ ਐਸੀਆਂ ਹੀ ਔਰਤਾਂ ਹੁੰਦੀਆਂ ਹਨ ?"

ਕ੍ਰਿਸ਼ਨਾ ਸੋਬਤੀ ਦਾ ਸਿਰ ਉਤਾਂਹ ਉਠ ਗਿਆ । ਉਸ ਨੇ ਇਕ ਪਲ ਲਈ ਸਾਹ ਰੋਕਿਆ । ਉਹਦਾ ਮੱਥਾ ਭਰਵੱਟਿਆਂ ਦੇ ਹੋਰ ਕਰੀਬ ਹੋ ਗਿਆ । ਬੋਲੀ, "ਮੈਂ ਉਸ ਭੱਈਏ ਪ੍ਰੋਫ਼ੈਸਰ ਨੂੰ ਪੁੱਛਿਆ—ਇਸ ਵਿਚ ਕੀ ਅਸ਼ਲੀਲ ਹੈ ? ਉਸ ਆਖਿਆ—ਇਸ ਵਿਚ ਫ਼ਲਾਣੀ ਤੀਵੀਂ ਐਸੀਆਂ ਵੈਸੀਆਂ ਗੱਲਾਂ ਕਰਦੀ ਹੈ । ਉਹ ਯਿਹ ਕਹਿੰਦੀ ਹੈ, ਵੂਹ ਕਹਿੰਦੀ ਹੈ—! ਮੈਂ ਕਿਹਾ, ਯਿਹ ਵੂਹ ਨਹੀਂ । ਸਿੱਧਾ ਦੱਸ ਕੀ ਕਹਿੰਦੀ ਹੈ ? ਓ ਜੀ, ਯਿਹ, ਵੂਹ ਕਈ ਲਫ਼ਜ਼ ਹਨ—ਪ੍ਰੋਫ਼ੈਸਰ ਬੋਲਿਆ । ਮੈਂ ਆਖਿਆ, ਦੇਖ, ਮੈਂ ਔਰਤ ਹਾਂ, ਮੈਂ ਲਿਖਿਆ ਵੀ ਹੈ ਤੇ ਤੈਨੂੰ ਪੁੱਛ ਵੀ ਰਹੀ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਜੋ ਕੁਝ ਲਿਖ ਕੇ ਛਪਵਾ ਵੀ ਦਿੱਤਾ ਹੈ, ਤੂੰ ਉਸ ਦਾ ਨਾਂ ਲੈਣ ਤੋਂ ਸ਼ਰਮਾ ਰਿਹਾ ਏਂ। ਅਸ਼ਲੀਲਤਾ ਤੁਹਾਡੇ ਮਨ ਵਿਚ ਹੈ, ਮੇਰੇ ਪਾਤਰਾਂ ਵਿਚ ਨਹੀਂ। ਤੁਸੀਂ ਤਕੀਏ ਨਾਲ ਢੋਹ ਲੱਗਾ ਕੇ ਬੈਠੇ ਹੋ, ਮੇਰੇ ਖ਼ਿਆਲ ਵਿਚ ਇਹ ਸਭ ਤੋਂ ਵੱਡੀ ਅਸ਼ਲੀਲਤਾ ਹੈ।''

''ਅਸਹਿਮਤ ਹੋਣਾ ਹੋਰ ਗੱਲ ਹੈ, ਪਰ ਮੇਰੇ ਪੰਜਾਬ ਨੂੰ ਦਿੱਤੀ ਹੋਈ ਹਰ ਗਾਲੀ, ਮੈਂ ਸ਼ਰੀਕ ਦੀ ਭਾਜੀ ਸਮਝ ਕੇ ਦੁਗੱਣੀ ਕਰ ਕੇ ਮੋੜ ਸਕਦੀ ਹਾਂ।''

ਉਹ ਕੁਝ ਦੇਰ ਖ਼ਿਲਾ ਵਿਚ ਘੂਰਦੀ ਰਹੀ। ''ਜਿਹੜੇ ਲੋਕ ਅਸਹਿਮਤ ਹੋਣ ਤੇ ਦੂਜਿਆਂ ਦਾ ਕਤਲ ਕਰ ਦਿੰਦੇ ਹਨ, ਮੈਂ ਉਹਨਾਂ ਨੂੰ ਹੱਕ ਬਜਾਨਬ ਸਮਝਦੀ ਹਾਂ। ਇਹ ਮਨੁੱਖ ਦੀ ਸਰਿਸ਼ਤ ਵਿਚ ਸ਼ਾਮਲ ਹੈ। ਮੈਂ ਇਸ ਰੁਚੀ ਦਾ ਜੱਸ ਨਹੀਂ ਗਾਉਂਦੀ, ਪਰ ਇਸ ਨੂੰ ਨਿੰਦਣਾ ਮੇਰੇ ਲਈ ਮੁਸ਼ਕਲ ਹੈ।''

''ਯਾਰਾਂ ਕੇ ਯਾਰ'' ਵਿਚ ਸੂਰੀ ਦਾ ਕਿਰਦਾਰ ਪਾਉਣਾ ਕਿਉਂ ਜ਼ਰੂਰੀ ਸੀ?'' ਮੈਂ ਪੁੱਛਿਆ।

''ਉਹਦੀ ਆਪਣੀ ਹੀ ਰੀੜ੍ਹ ਖੜੀ ਹੁੰਦੀ ਹੈ। ਉਸ ਕਮਬਖ਼ਤ ਵਿਚ ਵੀ ਬਾਕੀਆਂ ਵਾਂਗ ਫ਼ਰਸਟ੍ਰੇਸ਼ਨ ਹੈ, ਅਤੇ ਜਦੋਂ ਉਹ ਭਰ ਕੇ ਗਾਲ੍ਹ ਕੱਢਦਾ ਹੈ, ਤਾਂ ਇਸ ਫ਼ਰਸਟ੍ਰੇਸ਼ਨ ਨੂੰ ਕਰਾਸ ਕਰਦਾ ਹੈ। ਮੇਰੀ ਕਹਾਣੀ ਉਸ ਤੋਂ ਬਿਨਾਂ ਖੜੀ ਨਹੀਂ ਸੀ ਹੋ ਸਕਦੀ।''

ਕ੍ਰਿਸ਼ਨਾ ਸੋਬਤੀ ਵਿਆਖਿਆ ਵਿਚ ਖੋ ਗਈ।

ਮੈਂ—''ਕੁਰਪਸ਼ਨ ਦੇ ਪਸਾਰ ਨੂੰ ਬਿਆਨ ਕਰਨ ਲਈ ਤੁਸੀਂ ਸਿੱਖ ਕਿਰਦਾਰ ਹੀ ਕਿਉਂ ਚੁਣੇ? ਕੀ ਇਸ ਕੁਰਪਸ਼ਨ ਦੇ ਵਰਨਣ ਨਾਲ ਕੁਰਪਸ਼ਨ ਦਾ ਪਰਚਾਰ ਵੀ ਨਹੀਂ ਹੋ ਗਿਆ?''

ਕ੍ਰਿਸ਼ਨਾ ਸੋਬਤੀ :—''ਨਹੀਂ। ਇੰਜ ਨਹੀਂ। ਦਾਰ ਜੀ ਬੜਾ ਦਾਨਾ ਪਾਤਰ ਹੈ। ਉਹ ਕਹਿੰਦਾ ਹੈ—ਫ਼ਲਾਣੇ ਫ਼ਲਾਣੇ ਲਈ ਸ਼ਰਾਬ, ਮੁਰਗੇ। ਫ਼ਲਾਣੇ ਫ਼ਲਾਣੇ ਲਈ ਮੁਰਗੇ, ਸ਼ਰਾਬ, ਤੇ ਨਾਲ ਕੁੜੀਆਂ, ਕੁਝ ਚੰਗੇ ਭਾਅ ਦੀਆਂ, ਕੁਝ ਹਲਕੇ ਰੇਟ ਦੀਆਂ। ਅਤੇ ਕੁਝ ਲੋਕਾਂ ਵਾਸਤੇ ਸਿਰਫ਼ ਸਤਸੰਗ ਦਾ ਪ੍ਰਬੰਧ ਕੀਤਾ ਜਾਏ। ਉਹਦੇ ਸਾਹਮਣੇ ਸਾਰਾ ਕੁਝ ਇੰਜ ਹੈ :

''ਬਾਜ਼ੀਚਾਇ ਇਤਫਾਲ ਹੈ ਦੁਨੀਆ ਮੇਰੇ ਆਗੇ''

ਉਹ ਵਾਤਾਵਰਣ ਦੀ ਤੇਜ਼ ਗਤੀ ਦੇ ਨਾਲ ਨਾਲ ਘੁੰਮ ਰਿਹਾ ਹੈ, ਜਕੜਿਆ ਹੋਇਆ।''

ਇਕ ਪਲ ਲਈ ਉਹ ਰੁਕੀ। ਫੇਰ ਬੋਲੀ, ਮਨੁੱਖ ਉਹ ਮੁਕੰਮਲ ਹੈ, ਜੋ ਨਾਮੁਕੰਮਲ ਹੈ। ਐਵਰੇਜ ਮਨੁੱਖ ਸਾਹਿੱਤ ਦਾ ਬਹੁਤ ਵੱਡਾ ਸਰਮਾਇਆ। ਜਿਸ ਵਿਚ ਖ਼ਾਮੀਆਂ ਨਹੀਂ, ਉਹ ਮੇਰੀ ਕਹਾਣੀ ਦਾ ਪਾਤਰ ਨਹੀਂ ਹੋ ਸਕਦਾ, ਹਾਲਾਂ ਕਿ ਮੈਂ ਉਸ ਨੂੰ ਚੁਣਦੀ ਇਸ ਲਈ ਹਾਂ, ਕਿ ਉਸ ਵਿਚ ਬਹੁਤ ਸਾਰੀਆਂ ਸਟਲ ਖ਼ੂਬੀਆਂ ਹਨ।''

ਕ੍ਰਿਸ਼ਨਾ ਸੋਬਤੀ ਗੱਲ ਕਰਦੇ ਸਮੇਂ, ਗੱਲ ਦੇ ਆਖ਼ਰੀ ਸਿਰੇ ਨਾਲ ਆਪਣੇ ਸੱਜੇ ਹੱਥ ਦੀਆਂ ਮੁਦਰਾਵਾਂ ਸ਼ਾਮਲ ਕਰ ਦਿੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਉਸ ਨੂੰ ਪੁੱਛਿਆ, "ਤੁਹਾਨੂੰ ਮਰਦ ਕਿਹੋ ਜਿਹੇ ਪਸੰਦ ਹਨ ?"

ਉਸ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਣ ਤੈਰ ਗਈ, ਫੇਰ ਇਸ ਦਾ ਰੰਗ ਤਾਂਬੇ ਵਰਗਾ ਹੋ ਗਿਆ।

"ਮਰਦ ਦੀ ਗੱਲ ਨਹੀਂ, ਮਨੁੱਖ ਦੀ ਹੈ। ਐਸਾ ਹੋਵੇ, ਜੈਸਾ ਉਹ ਹੈ। ਆਮ ਜਿਹਾ। ਮੇਰਾ ਭਾਵ ਹੈ, ਜਿਸ ਨੂੰ ਐਵਰੇਜ ਮਨੁੱਖ ਕਿਹਾ ਜਾ ਸਕੇ। ਆਮ ਸੂਰਮਾ ਮਨੁੱਖ।"

ਉਸ ਨੇ ਸੱਜੇ ਹੱਥ ਦੀਆਂ ਆਖ਼ਰੀ ਤਿੰਨ ਉਂਗਲੀਆਂ ਨੂੰ ਗਰੀ ਦੀ ਠੂਠੀ ਵਾਂਗ ਗੋਲ ਕੀਤਾ, ਅੱਖਾਂ ਦੋ ਤਿੰਨ ਪੜਾਅ ਤੋਂ ਬਾਅਦ ਮੇਰੇ ਚਿਹਰੇ ਤੇ ਟਿਕਾ ਕੇ ਇੰਜ ਗੱਲ ਮੁਕਾਈ, ਜਿਵੇਂ ਉਹ ਅਜੇ ਮੁੱਕੀ ਨਾ ਹੋਵੇ।

"ਤੁਸੀਂ ਜੋ ਕੁਝ ਅੱਜ ਤੀਕ ਬਿਆਨ ਨਹੀਂ ਕਰ ਸਕੇ, ਉਹ ਕੀ ਹੈ।" ਮੈਂ ਪੁੱਛਿਆ।

"ਬੜਾ ਕੁਝ ਕਹਿਣ ਤੋਂ ਬਾਅਦ ਇੰਜ ਜਾਪਦਾ ਹੈ, ਜਿਵੇਂ ਹੋਰ ਬਹੁਤ ਕੁਝ ਕਹਿਣ ਵਾਲਾ ਹੈ। ਉਸ ਦੀ ਵਿਧੀ, ਤੇ ਮੰਤਵ ਪਕੜ ਵਿਚ ਨਹੀਂ ਆਉਂਦਾ।"

ਉਹ ਕੁਝ ਸਮੇਂ ਲਈ ਅੰਤਰ ਧਿਆਨ ਜਿਹੀ ਹੋ ਗਈ। ਗਾੜ੍ਹੇ ਸੰਘਣੇ ਬੱਦਲਾਂ ਵਿਚੋਂ ਕੋਈ ਕੋਈ ਕਣੀ ਕਿਰ ਆਉਂਦੀ। ਇਰਦ ਗਿਰਦ ਦੀਆਂ ਛੱਤਾਂ ਹਨੇਰੀਆਂ ਸਨ। ਦੂਰ ਪਰੇ ਸੜਕ ਦੀਆਂ ਬੱਤੀਆਂ ਧੁੰਦਲਾ ਠੰਢਾ ਚਾਨਣ ਬਖ਼ੇਰ ਰਹੀਆਂ ਸਨ।

"ਇਕ ਵਾਰ ਮੈਂ ਦਾਰਜੀਲਿੰਗ ਗਈ।" ਉਸ ਦੀ ਆਵਾਜ਼ ਖੂਹ ਵਿਚੋਂ ਉਭਰੀ। "ਉਥੇ ਕੁਦਰਤ ਆਪਣਾ ਵਚਿੱਤਰ ਕੌਤਕ ਖੇਡਦੀ ਹੈ। ਮੈਂ ਪਹਾੜ ਉਤੇ ਕੱਲੀ, ਸਹਿਮੀ ਖੜੀ ਸਾਂ। ਇਕ ਪਹਾੜੀ ਦੀ ਸਿੱਖਰ ਦੇ ਪੋਟਾ ਭਰ ਹਿੱਸੇ ਨੂੰ ਸੂਰਜ ਦੀ ਕਿਰਨ ਨੇ ਸੂਹੀ ਰੰਗ ਦਿੱਤਾ। ਮੈਨੂੰ ਸ਼ਿੱਦਤ ਨਾਲ ਅਹਿਸਾਸ ਹੋਇਆ—ਮਨੁੱਖ ਕਿਤਨਾ ਇਨ-ਸਿਗਨੀਫ਼ੀਕੇਂਟ (ਅਲਪ) ਹੈ। ਮੈਂ ਉਸ ਵਚਿੱਤਰ ਲੀਲ੍ਹਾ ਨੂੰ ਬਿਆਨ ਨਹੀਂ ਕਰ ਸਕਦੀ। ਮੈਂ ਸਿਰਫ਼ ਚੀਕ ਸਕਦੀ ਹਾਂ।"

ਉਹ ਫੇਰ ਰੁਕੀ। ਉਹ ਆਪਣੇ ਹਿਰਦੇ ਦੀ ਕੋਈ ਖੌਫ਼ਨਾਕ ਚੀਕ ਸੁਣ ਰਹੀ ਸੀ। ਫੇਰ ਬੋਲੀ :

"ਕਦੇ ਕਦੇ ਜੀਵਨ ਵਿਚ ਕੋਈ ਚਮਕ ਉਠਦਾ ਹੈ; ਤੇ ਮਨ ਦੇ ਕਿਸੇ ਪੋਟਾ ਭਰ ਹਿੱਸੇ ਨੂੰ ਸੂਹਾ ਰੰਗ ਚੜ੍ਹ ਜਾਂਦਾ ਹੈ। ਉਦੋਂ ਜੀਵਨ ਦੀ ਵਿਸ਼ਾਲਤਾ ਦੇ ਸਨਮੁੱਖ ਖਲੋ ਕੇ ਮਨੁੱਖ ਆਪਣੇ ਆਪ ਦੇ ਸਾਖਸ਼ਾਤ ਦਰਸ਼ਨ ਕਰਦਾ ਹੈ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਬੀ ਤੇਜ ਕੌਰ

ਹਲਕਾ ਸੰਧੁਰੀ ਰੰਗ, ਡੂੰਘੀਆਂ ਕਾਲੀਆਂ ਅੱਖਾਂ, ਚਿਹਰੇ ਉਪਰ ਇਕ ਭੋਲਾਪਨ। ਚੌੜਾ ਪਰ ਬੇਜ਼ਵੀ ਮੱਥਾ। ਭਰਵੇਂ ਤੇ ਸੰਮਤੁਲਤ ਸਰੀਰ ਵਾਲੀ ਤੇਜ ਕੌਰ ਜੇ ਤੁਹਾਡੇ ਅੱਗੇ ਤੁਰੀ ਜਾਂਦੀ ਹੋਵੇ, ਤਾਂ ਉਸ ਦੀ ਤੋਰ ਦੇਖ ਕੇ ਖਾਹ ਮੁਖਾਹ ਗਿੱਧਾ ਪਾਉਣ ਨੂੰ ਜੀ ਕਰ ਆਉਂਦਾ ਹੈ। ਅਜਿਹੇ ਸਮੇਂ ਉਹ ਤੁਰਨ ਦੀ ਬਜਾਏ, ਵਹਿ ਰਹੀ ਜਾਪਦੀ ਹੈ।

ਉਸ ਦੀ ਸ਼ਕਲ ਸੂਰਤ ਦੇਖ ਕੇ ਪ੍ਰਬੰਧਕ ਕਿਸਮ ਦੇ ਲੋਕ ਉਹਨੂੰ ਸੰਗੀਤ ਦਰਬਾਰਾਂ ਲਈ ਬੁੱਕ ਕਰ ਆਉਂਦੇ। ਜਦੋਂ ਉਹ ਇਕਸੁਰ ਹੋ ਕੇ, ਸਟੇਜ ਤੇ ਬੈਠਦੀ, ਤਾਂ ਐਂਝ ਜਾਪਦਾ, ਜਿਵੇਂ ਕੋਈ ਭਗਤ ਬੈਠਾ ਆਪਣਾ ਇਸ਼ਟ ਧਿਆ ਰਿਹਾ ਹੋਵੇ। ਉਸ ਦੇ ਗੁਣਗੁਣਾਉਣ ਨਾਲ ਉਸ ਦਾ ਰੂਪ ਸਾਣ ਚੜ੍ਹਨਾ ਸ਼ੁਰੂ ਹੋ ਜਾਂਦਾ। ਜਦੋਂ ਉਹ ਅੰਤਰਾ ਚੁੱਕਦੀ, ਤਾਂ ਸਰੋਤਿਆਂ ਵਿਚ ਜਾ ਖਲੋਂਦੀ। ਸਰੋਤਿਆਂ ਨਾਲ ਗੱਲਾਂ ਕਰਦੀ। ਉਹ ਜੋ ਕੁਝ ਬੋਲਦੀ, ਉਹ ਸਾਰਾ ਕੁਝ ਸਰੋਤਿਆਂ ਦਾ ਆਪਣਾ ਹੁੰਦਾ। ਇਸ ਵੇਲੇ ਉਸ ਦਾ ਹੁਸਨ ਪਤਾ ਨਹੀਂ ਕਿਥੇ ਛੁੱਪ ਜਾਂਦਾ। ਉਹ ਕਲਾ ਦੀ ਪਵਿੱਤਰ ਮੂਰਤੀ ਜਾਪਦੀ।

ਇਸ ਗਾਇਕਾ ਦਾ ਜਨਮ 1936 ਵਿਚ ਸ਼ਹਿਰ ਹੋਤੀ ਮਰਦਾਨ (ਪਾਕਿਸਤਾਨ) ਵਿਚ ਹੋਇਆ। ਪਿਤਾ, ਸ੍ਰੀ ਰਾਮ ਦਿਆਲ ਸਿੰਘ ਜੀ ਗੁਰਦਵਾਰੇ ਦੇ ਨਿੱਤ ਨੇਮੀ ਤੇ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਸ਼ਰਧਾਲੂ ਸਨ। ਪਰ ਤੇਜ ਕੌਰ ਨੇ ਆਪਣੇ ਪਿਤਾ ਦੇ ਪਿਆਰ ਦਾ ਨਿੱਘ ਕੇਵਲ ਸੱਤ ਵਰ੍ਹੇ ਹੀ ਮਾਣਿਆਂ। ਬਾਕੀ ਵਰ੍ਹੇ ਆਪਣੀ ਮਾਂ, ਚੂਨੀ ਬਾਈ ਦੇ ਨਾਲ ਹਨੇਰੀਆਂ, ਤੇ ਚਾਨਣੀਆਂ ਰਾਤਾਂ ਵਿਚ ਵਿਛੜੇ ਪਿਤਾ ਦੀ ਯਾਦ ਵਿਚ ਹੋਕੇ ਭਰਦੀ ਨੇ ਬਿਤਾਏ। ਮਾਵਾਂ ਧੀਆਂ ਨੂੰ ਇਸ ਦੁੱਖ ਨੇ ਸਦਾ ਲਈ ਇਕ ਜਾਨ ਕਰ ਦਿੱਤਾ। ਚੂਨੀ ਬਾਈ ਉਸ ਦੀ ਮਾਂ ਵੀ ਸੀ ਤੇ ਸਹੇਲੀ ਵੀ।

ਹੋਤੀ ਮਰਦਾਨ ਵਿਚ ਬਾਬਾ ਕਰਮ ਸਿੰਘ ਦੇ ਧਾਰਮਿਕ ਪ੍ਰਭਾਵ ਕਾਰਨ ਪੰਜਾਬੀ ਦੀ ਪੜ੍ਹਾਈ ਦਾ ਚੰਗਾ ਪ੍ਰਬੰਧ ਸੀ। ਤੇਜ ਕੌਰ ਨੇ ਇਕ ਸਥਾਨਕ ਸਕੂਲ ਵਿਚ ਮਿਡਲ ਤਕ ਵਿਦਿਆ ਪ੍ਰਾਪਤ ਕੀਤੀ। ਪੰਜਾਬੀ ਤੋਂ ਇਲਾਵਾ ਪਸ਼ਤੋ, ਤੇ ਉਰਦੂ ਵਿਚ ਉਸ ਨੂੰ ਬੜੀ ਦਿਲਚਸਪੀ ਰਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਜ ਕੌਰ ਅਜੇ 12 ਸਾਲਾਂ ਦੀ ਸੀ, ਕਿ ਉਸ ਦੀ ਮਾਂ ਨੂੰ ਉਹਦੇ ਵਿਆਹ ਦੀ ਚਿੰਤਾ ਆਣ ਲੱਗੀ। ਰਿਸ਼ਤੇ ਨਾਤਿਆ ਵਿਚੋਂ ਕਈ ਸਾਕ ਬਣ ਸਕਦੇ ਸਨ, ਪਰ ਚੂਨੀ ਬਾਈ ਕਿਸ ਦੇ ਹੱਕ ਵਿਚ ਫ਼ੈਸਲਾ ਦੇਵੇ ? ਸੋਚ ਸੋਚ ਕੇ ਉਸ ਨੇ ਸੱਤ ਮੁੰਡਿਆਂ ਦੇ ਨਾਵਾਂ ਦੀਆਂ ਪਰਚੀਆਂ ਬਣਾਈਆਂ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਉਹਨਾਂ ਨੂੰ ਖੋਹਲਣ ਦਾ ਫ਼ੈਸਲਾ ਕੀਤਾ। ਇਹਨਾਂ ਸੱਤਾਂ ਮੁੰਡਿਆਂ ਵਿਚ ਗਿਆਨੀ ਰਾਮ ਸਿੰਘ ਦਾ ਨਾਂ ਵੀ ਸੀ, ਜੋ ਬਾਬਾ ਕਰਮ ਸਿੰਘ ਦੇ ਡੇਰੇ ਕੀਰਤਨੀਆਂ ਸੀ, ਅਤੇ ਤੇਜ ਕੌਰ ਨਾਲੋਂ 15 ਸਾਲ ਵੱਡਾ ਸੀ।

ਚੂਨੀ ਬਾਈ ਨੇ ਅਰਦਾਸ ਕੀਤੀ। ਵਾਹਿਗੁਰੂ ਦਾ ਨਾਂ ਲੈ ਕੇ ਪਹਿਲੀ ਪਰਚੀ ਖੋਹਲੀ। ਇਸ ਉਪਰ ਉਸ ਕੀਰਤਨੀਏ ਗਿਆਨੀ ਰਾਮ ਸਿੰਘ ਦਾ ਨਾਂ ਸੀ। ਉਹ ਬੜੀ ਹੈਰਾਨ ਹੋਈ। ਫੇਰ ਉਸ ਨੇ ਹੋਰ ਸੱਤ ਪਰਚੀਆਂ ਬਣਾਈਆਂ, ਤੇ ਦੂਜੇ ਗੁਰਦਵਾਰੇ ਜਾ ਪੁੱਜੀ। ਅਰਦਾਸ ਕਰਕੇ ਉਸ ਨੇ ਫੇਰ ਪਰਚੀਆਂ ਵਿਚੋਂ ਇਕ ਪਰਚੀ ਕੱਢਵਾਈ! ਪਰਚੀ ਖੋਹਲੀ ਗਈ, ਉਸ ਉਪਰ ਲਿਖਿਆ ਸੀ—"ਭਾਈ ਰਾਮ ਸਿੰਘ ਕੀਰਤਨੀਆ।"

ਚੂਨੀ ਬਾਈ ਨੂੰ ਇਹ ਫ਼ੈਸਲਾ ਮਨਜ਼ੂਰ ਨਹੀਂ ਸੀ। ਉਸ ਨੇ ਫੇਰ ਹਿੰਮਤ ਕੀਤੀ, ਅਤੇ ਸੱਤ ਪਰਚੀਆ ਬਣਾ ਕੇ ਸ਼ਹਿਰ ਦੇ ਤੀਜੇ ਗੁਰਦਵਾਰੇ ਜਾ ਪੁਜੀ। ਉਸ ਨੇ ਫੇਰ ਅੰਤਰ ਧਿਆਨ ਹੋ ਕੇ, ਅਰਦਾਸ ਕੀਤੀ। ਪਰਚੀਆਂ ਰਲਾ ਕੇ, ਉਹਨਾਂ ਵਿਚੋਂ ਇਕ ਪਰਚੀ ਕੱਢੀ!

ਚੂਨੀ ਬਾਈ ਦਾ ਮੱਥਾ ਖਿੜ ਗਿਆ। ਉਸ ਦੇ ਚਿਹਰੇ ਤੇ ਨਿਮ੍ਰਤਾ ਤੇ ਖੁਸ਼ੀ ਦੇ ਚਿਨ੍ਹ ਉੱਭਰ ਆਏ। ਉਸ ਨੇ ਮੱਥਾ ਟੇਕਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵੱਲ ਮੂੰਹ ਕਰਕੇ ਆਖਿਆ—"ਸੱਚੇ ਪਾਤਸ਼ਾਹ, ਤੇਰਾ ਹੁਕਮ ਸਿਰ ਮੱਥੇ ਉਪਰ ਹੈ, ਤੇਰੀ ਬੱਚੀ ਹੈ, ਤੂੰ ਜਿਸ ਦੇ ਲੜ ਲਾਵੇਂ, ਉਸ ਨੂੰ ਕੌਣ ਰੋਕ ਸਕਦਾ ਹੈ ? ਭਾਈ ਰਾਮ ਸਿੰਘ ਜੋੜੀ ਵਾਲੇ ਨਾਲ ਹੀ ਤੇਜ ਦੀ ਜੋੜੀ ਬਣੇਂਗੀ।"

ਤੀਜੀ ਪਰਚੀ ਵੀ ਭਾਈ ਰਾਮ ਸਿੰਘ ਕੀਰਤਨੀਏਂ ਦੇ ਨਾਂ ਦੀ ਹੀ ਨਿਕਲੀ ਸੀ।

... ...

ਤੇਜ ਕੌਰ ਜਮਾਂਦਰੂ ਤੇ ਮੌਲਿਕ ਕਲਾਕਾਰ ਹੈ। ਉਹ ਸ਼ਬਦ ਦੀ ਆਤਮਾ ਨੂੰ ਪਕੜ ਸਕਦੀ ਹੈ! ਉਹਨੂੰ ਕੋਈ ਸੁਰ ਇਕ ਵਾਰ ਸੁਣਨ ਨਾਲ ਹੀ ਯਾਦ ਰਹਿ ਜਾਂਦਾ ਹੈ। ਆਮ ਗਾਇਕ ਸੁਰ ਦੇ ਧਾਗੇ ਵਿਚ ਸ਼ਬਦ ਪਰੋਂਦੇ ਹਨ, ਪਰ ਤੇਜ ਕੌਰ ਭਾਵ ਦੀ ਗਾਇਕਾ ਹੈ। ਉਸ ਦੇ ਕਲਾਕਾਰ ਹੋਣ ਬਾਰੇ ਸ਼ਹਿਰ ਦੇ ਲੋਕਾਂ ਨੇ ਉਦੋਂ ਹੀ ਸ਼ਾਹਦੀ ਭਰ ਦਿੱਤੀ ਸੀ, ਜਦੋਂ ਉਹ ਅੱਠ ਨੌਂ ਸਾਲ ਦੀ ਸੀ, ਅਤੇ ਉਸ ਕੋਲੋਂ ਸ਼ਹਿਰ ਦੀਆਂ ਕੁੜੀਆਂ ਤੇ ਜਨਾਨੀਆਂ ਗਾਣਾ ਸਿੱਖਣ ਆਉਂਦੀਆਂ ਸਨ।

1949 ਦੇ ਸ਼ੁਰੂ ਵਿਚ ਬਰਕਤ, ਗੁਰਦਾਸਪੁਰੀ, ਤੇ ਮੈਂ ਹਲਦਵਾਨੀ ਇਕ ਕਵੀ ਦਰਬਾਰ ਤੇ ਗਏ। ਕਵੀ ਦਰਬਾਰ ਸ਼ੁਰੂ ਹੋਣ ਤੋਂ ਪਹਿਲਾਂ ਇਕ ਸੋਹਣੀ ਜਹੀ ਕੁੜੀ ਇਕ ਜੋੜੀ ਵਾਲੇ ਭਾਈ ਨਾਲ ਸਟੇਜ ਤੇ ਆਣ ਚੜ੍ਹੀ। ਗਿਆਨੀ ਨਿਰਮਲ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਹਲਦਵਾਨੀ ਵਾਲ) ਨੇ ਦੱਸਿਆ, ਕਿ ਇਹ ਗੀਤ ਗਾਏਗੀ। ਮੈਂ ਉਸ ਦੀ ਸ਼ਕਲ ਸੂਰਤ ਤੇ ਹਲਕਾ ਸੰਧੂਰੀ ਰੰਗ ਗੈਸਾਂ ਦੀ ਰੌਸ਼ਨੀ ਵਿਚ ਤੱਕਿਆ, ਤੇ ਮੇਰੇ ਮੂੰਹੋਂ ਸਹਿਵਨ ਹੀ ਨਿਕਲਿਆ "ਇਹ ਨਾ ਹੀ ਗਾਏ ਤਾਂ ਚੰਗਾ ਹੋਵੇ, ਖੂਬਸੂਰਤ ਲੋਕਾਂ ਵਿਚ ਗੁਣ ਤੇ ਅਕਲ ਬਹੁਤ ਘੱਟ ਹੁੰਦੇ ਹਨ।" ਪਰ ਜਦੋਂ ਤੇਜ ਕੌਰ ਨੇ ਗਾਇਆ, ਆਪਣੇ ਸਾਥੀਆਂ ਵਾਂਗ ਮੈਂ ਵੀ ਹੈਰਾਨ ਹੋ ਗਿਆ। ਉਸ ਦਾ ਪਤਾ ਪੁੱਛਿਆ, ਤਾਂ ਉਹਨੇ ਦੱਸਿਆ, ਕਿ ਉਹ ਰਾਮਪੁਰ ਸ਼ਹਿਰ ਵਿਚ ਰਹਿ ਰਹੇ ਹਨ, ਪਰ ਉਥੇ ਰਹਿਣਾ ਨਹੀਂ ਚਾਹੁੰਦੇ। ਗੁਰਦਾਸਪੁਰੀ ਨੇ ਉਹਨਾਂ ਨੂੰ ਕਦੇ ਦਿੱਲੀ ਆਉਣ ਲਈ ਕਿਹਾ, ਅਤੇ ਗੱਲ ਖਤਮ ਹੋ ਗਈ।

1949 ਜਾਂ 50 ਦੀ ਗੱਲ ਹੈ, ਮਜਨੂੰ ਟਿੱਲੇ ਗੁਰਦਵਾਰੇ ਦੀਵਾਨ ਲੱਗਾ ਹੋਇਆ ਸੀ। ਬੜਾ ਰੌਲਾ ਰੱਪਾ ਸੀ। ਕਵੀ, ਅਤੇ ਗਾਉਣ ਵਾਲੀਆਂ ਦੀ ਇਕ ਚੋਖੀ ਭੀੜ ਜੁੜੀ ਹੋਈ ਸੀ। ਸੰਗਤ ਨੂੰ ਚੁੱਪ ਕਰਾਉਣ ਵਾਸਤੇ ਜਿਸ ਨੂੰ ਵੀ ਖੜਾ ਕੀਤਾ, ਉਹ ਅਸਫਲ ਰਿਹਾ।

ਮੈਨੇਜਰ ਹਰਨਾਮ ਸਿੰਘ ਖੰਜਰ ਨੇ ਰੌਲੇ ਦਾ ਵਕਤ ਟਪਾਉਣ ਲਈ ਤੇਜ਼ ਕੌਰ ਦਾ ਨਾਂ ਅਨਾਊਂਸ ਕਰ ਦਿੱਤਾ।

ਤੇਜ ਕੌਰ ਮਾਈਕਰੋਫੋਨ ਦੇ ਸਾਹਮਣੇ ਆਈ। ਉਸ ਨੇ ਪਰਸ ਇਕ ਪਾਸੇ ਰੱਖ ਦਿੱਤਾ। ਸੱਜੀ ਲੱਤ ਮੂਧੀ ਮਾਰ ਕੇ ਖੱਬੀ ਉਸ ਦੇ ਉਪਰ ਰੱਖ ਲਈ। ਨਿਆਣਿਆਂ ਤੇ ਬੀਬੀਆਂ ਦਾ ਬੇਹਿਸਾਬ ਰੌਲਾ ਸੀ। ਤੇਜ ਕੌਰ ਬਿਲਕੁਲ ਬੇਖਬਰ ਜਾਪਦੀ ਸੀ। ਐਂਝ ਲੱਗਦਾ ਸੀ, ਜਿਵੇਂ ਉਹਦੀ ਸੂਰਤ ਉਸਦੇ ਅੰਦਰ ਸਮਾ ਗਈ ਹੈ। ਉਹ ਆਪਣੇ ਅਨੁਭਵ ਨਾਲ ਸ਼ੋਰ ਨੂੰ ਜਿੱਤਣ ਦਾ ਢੰਗ ਲੱਭ ਰਹੀ ਜਾਪਦੀ ਸੀ। ਉਸ ਨੇ ਹਾਰਮੋਨੀਅਮ ਦੀਆਂ ਸੁਰਾਂ ਤੇ ਹੱਥ ਰੱਖਿਆਂ, ਕੁਝ ਗੁਣਗੁਣਾਈ, ਅਤੇ ਫੇਰ ਉੱਚੀ ਸੁਰੀਲੀ ਆਵਾਜ਼ ਵਿਚ ਸ਼ੁਰੂ ਕੀਤਾ :—

"ਮਹਿੰਦੀ ਵਾਲੇ ਹੱਥਾਂ ਵਿਚ ਖੰਡਾ ਫੜਨਾ"

ਮਾਈਆਂ ਦੇ ਮੂੰਹ ਅੱਡੇ ਰਹਿ ਗਏ। ਨਿਆਣਿਆਂ ਦੀਆਂ ਸੁਰਤੀਆਂ ਆਵਾਜ਼ ਵੱਲ ਲੱਗ ਗਈਆਂ। ਗਭਰੂ ਅੱਡੀਆਂ ਚੁੱਕ ਚੁੱਕ ਸਟੇਜ ਵੱਲ ਦੇਖਣ ਲੱਗੇ। ਸੱਨਾਟਾ ਛਾ ਗਿਆ। ਐਂਝ ਜਾਪਦਾ ਸੀ, ਜਿਵੇਂ ਕਮਾਂਡਰ ਦਾ ਹੁਕਮ ਸੁਨਣ ਲਈ ਹਰ ਕਿਸੇ ਦੇ ਕੰਨ ਚੇਤੰਨ ਹੋਏ ਖੜੇ ਹਨ। ਗੀਤ ਖਤਮ ਹੋਣ ਤੇ ਜੈਕਾਰਿਆਂ ਤੇ "ਇਕ ਹੋਰ" ਦੀਆਂ ਆਵਾਜ਼ਾਂ ਦਾ ਹੜ੍ਹ ਆ ਗਿਆ। ਇਨਾਮ ਦੇਣ ਵਾਲਿਆਂ ਦਾ ਇਕ ਕਿਊ ਜਿਹਾ ਲੱਗ ਗਿਆ।

ਉਸ ਦਿਨ ਸਟੇਜ ਤੇ ਸੁਰਿੰਦਰ ਕੌਰ ਸੀ, ਪ੍ਰਕਾਸ਼ ਕੌਰ ਸੀ, ਆਸਾ ਸਿੰਘ ਮਸਤਾਨਾ ਵੀ ਸੀ। ਤੇਜ ਕੌਰ ਨੇ ਉਸ ਦਿਨ ਦਿੱਲੀ ਫਤਿਹ ਕਰ ਲਈ। ਰਾਜਧਾਨੀ ਦੀ ਫਤਿਹ ਸਾਰੇ ਦੇਸ਼ ਦੀ ਫਤਿਹ ਸਿਧ ਹੋਈ, ਅਤੇ ਤੇਜ ਕੌਰ ਨੂੰ ਹਿੰਦੁਸਤਾਨ ਦੇ ਹਰ ਕੋਣੇ ਵਿਚ ਜਾਣਿਆਂ, ਤੇ ਬੁਲਾਇਆ ਜਾਣ ਲੱਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਮਨ ਆਨੰਦ

ਖੁਲ੍ਹੀਆਂ ਭਾਰੀਆਂ ਛਾਤੀਆਂ, ਸੰਘਣੇ ਕਾਲੇ ਵਾਲ, ਮੱਥੇ ਦੀ ਤ੍ਰਿਕੁਟੀ ਤੀਊੜੀਆਂ ਨਾਲ ਭਰੀ ਹੋਈ। ਹਾਰਮੋਨੀਅਮ ਫੜੀ ਉਹ ਕੋਈ ਤਰਜ਼ ਯਾਦ ਕਰ ਰਹੀ ਸੀ, 'ਰੁੱਤ ਆਈ...ਰੁ...ਤਾਈ...ਰੁੱਤ ਆਈ ਪੀਂਘਾਂ...ਹਾਏ, ਨਹੀਂ ਨਹੀਂ। ਰੁਤ, ਰੁੱਤ ਆਈ ਪੀਂਘਾਂ ਦੀ। ਹਾਂ ਹਾਂ। ਐਹ ਠੀਕ ਏ। ਵੇ ਰੁੱਤ ਆਈ ਪੀਂਘਾਂ ਦੀ।'

ਉਸ ਦੇ ਮੱਥੇ ਦੀਆਂ ਤੀਊੜੀਆਂ ਪਿੱਘਲ ਕੇ ਗਲ੍ਹਾਂ ਦੇ ਟੋਇਆਂ ਵਿਚ ਸਮਾ ਗਈਆਂ। ਠੋਡੀ ਦੇ ਪਿਛਵਾੜੇ ਬਣੀ ਹੋਈ ਦੂਜੀ ਹਲਕੀ ਜਹੀ ਠੋਡੀ ਕੰਬ ਕੇ ਉਭਰੀ। ਉਸ ਨੇ ਅੰਤਰਾ ਬੋਲਿਆ। ਉਸਦੀ ਆਵਾਜ਼ ਸਿਰਕੰਡਿਆਂ ਦੇ ਬੂੰਦਲਾਂ ਵਰਗੀ ਜਾਪਦੀ ਸੀ। ਮੁਢ ਤੋਂ ਮਜ਼ਬੂਤ, ਪਲੂਮਣਾਂ ਵਲੋਂ ਕੋਮਲ, ਦੁੱਧ ਧੋਤੀ।

ਇਹ ਗਾਣਾ ਵਿਚੇ ਛੱਡ ਕੇ ਉਹ ਹੋਰ ਗਾਣੇ ਦੇ ਬੋਲ ਗੁਣਗੁਨਾਣ ਲੱਗੀ—

ਬਾਗਾਂ ਦੇ ਵਿਚ ਫੁੱਲ ਹਜ਼ਾਰਾਂ
ਪਰ ਸਾਡਾ ਹੱਥ ਛੋਹਿਆ ਨਾ
ਲਖ ਕੰਡੇ ਸਾਡੇ ਪੋਟੇ ਪੁੜ ਗਏ
ਇਕ ਫੁੱਲ ਸਾਡਾ ਹੋਇਆ ਨਾ

ਉਸ ਦੀ ਆਵਾਜ਼ 'ਸਾ' ਤੋਂ 'ਨੀ' ਤਕ ਦੌੜਦੀ, ਲੇਟਦੀ, ਫੁੱਮਣੀਆਂ ਪਾਉਂਦੀ, ਤਿਲਕਦੀ ਜਾਂਦੀ ਸੀ। ਸ਼ਬਦਾਂ ਤੇ ਅਰਥਾਂ ਦੇ ਨਾਲ ਉਸ ਦੇ ਮੁਹਾਂਦਰੇ ਵਿਚ ਤਬਦੀਲੀਆਂ ਉਤਪੰਨ ਹੋ ਹੋ ਮਿਟਦੀਆਂ। ਇੰਜ ਜਾਪਦਾ, ਉਹ ਗਾ ਵੀ ਰਹੀ ਸੀ, ਸਮਝਾ ਵੀ ਰਹੀ ਸੀ। ਉਸ ਦੇ ਕੰਨਾ ਵਿਚ ਪਏ ਦੋ ਦਾਣਿਆਂ ਦੇ ਕਾਂਟੇ ਸੁਰਖੀ ਦੀ ਭਾਅ ਮਾਰਦੀਆਂ ਗਲ੍ਹਾਂ ਨੂੰ ਵਾਰ ਵਾਰ ਛੋਂਹਦੇ। ਉਸਦੀ ਸਾਹਮਣੇ ਵਾਲੀ ਹਲਕੇ ਪਿੰਕ ਕਲਰ ਦੀ ਦੀਵਾਰ ਤੇ ਦੋ ਸਾਰਸ ਚੁੰਝਾਂ ਮਿਲਾਈ ਖੜੇ ਸਨ।

ਇਕ ਸ਼ਾਇਰ ਨੂੰ ਕੋਲ ਬੁਲਾ ਕੇ
ਕੀ ਖੱਟਿਆ ਤੂੰ ਜ਼ਹਿਰ ਪਿਆ ਕੇ
ਸਾਰੀ ਰਾਤ ਤੜਫਿਆ 'ਸਫ਼ਰੀ'
ਬਦਕਿਸਮਤ ਸੀ, ਮੋਇਆ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਡਬਲਬੈਡ ਦੇ ਸਿਲਵਟੀ ਭਰੇ ਬਿਸਤਰੇ ਉਪਰ ਬੈਠੀ ਉਹ ਗਾ ਰਹੀ ਸੀ ।

ਸੁਮਨ ਦੇਸ਼ ਦੀ ਵੰਡ ਤੋਂ ਬਾਦ ਪਰਵਾਰ ਦੇ ਨਾਲ ਗਵਾਲੀਅਰ ਆ ਗਈ । ਭਰਿਆ ਘਰ ਤੇ ਸਾਮਾਨ ਛੱਡ ਕੇ ਜੀਉਂਦੇ ਨਿਕਲ ਆਉਣਾ ਵੀ ਮੁਸ਼ਕਲ ਸੀ । ਜਾਨ ਨੂੰ ਦੋ ਵੇਲੇ ਦੀ ਰੋਟੀ, ਤੇ ਬਾਕੀ ਜ਼ਰੂਰਤਾਂ ਦੇ ਭੂਤ ਚਿੰਬੜੇ ਹੋਏ ਸਨ ।

ਗਵਾਲੀਅਰ ਵਿਚ ਸੁਮਨ ਦੀ ਵੱਡੀ ਭੈਣ ਇਕ ਮਾਸਟਰ ਜੀ ਕੋਲੋਂ ਵਾਜਾ ਸਿੱਖਦੀ ਹੁੰਦੀ ਸੀ । ਅੱਠਾਂ ਸਾਲਾਂ ਦੀ ਸੁਮਨ ਲਈ ਉਹਦੇ ਵਾਜੇ ਨੂੰ ਹੱਥ ਲਾਉਣਾ ਮਨ੍ਹਾ ਸੀ ।

ਇਕ ਦਿਨ ਸੁਮਨ ਨੇ ਬੰਦ ਦਰਵਾਜ਼ੇ ਦੇ ਅੰਦਰ ਹਾਰਮੋਨੀਅਮ ਪਿਆ ਦੇਖਿਆ । ਉਹਦਾ ਜੀਅ ਲਲਚਾ ਗਿਆ । ਵਾਜੇ ਨੂੰ ਛੂਹ ਕੇ ਦੇਖੇ ।

ਉਸਨੇ ਦਰਵਾਜ਼ੇ ਦੀ ਸਾਖ ਉਪਰ ਚਾਕ ਤੇ ਕੋਲੇ ਨਾਲ ਚਿੱਟੀਆਂ ਕਾਲੀਆਂ ਸੁਰਾਂ ਬਣਾਈਆਂ ।

ਮਾਸਟਰ ਜੀ ਉਹਦੀ ਭੈਣ ਨੂੰ ਸਰਗਰਮ ਦੀ ਤਾਲੀਮ ਦੇ ਰਹੇ ਸਨ ।—ਸਾ, ਰੇ, ਗਾ, ਮਾ, ਪਾ, ਧਾ, ਨੀ ।

ਸੁਮਨ ਦੂਰ ਖੜੀ ਦੇਖਦੀ ਰਹੀ

ਮਾਸਟਰ ਜੀ ਚਲੇ ਗਏ ।

ਸੁਮਨ ਨੇ ਦਰਵਾਜ਼ੇ ਦੀ ਸਾਖ ਤੇ ਬਣਾਈਆਂ ਸੁਰਾਂ ਉਪਰ ਸਰਗਮ ਉਚਾਰਨੀ ਸ਼ੁਰੂ ਕਰ ਦਿੱਤੀ । ਉਹ ਖੱਬੇ ਹੱਥ ਨਾਲ ਦਰਵਾਜ਼ੇ ਦੇ ਤਾਕ ਨੂੰ ਪੱਖਾ ਸਮਝ ਕੇ ਹਿਲਾਉਂਦੀ ਗਾ ਰਹੀ ਸੀ ।

ਦੂਜੇ ਦਿਨ ਉਹਦੀ ਵੱਡੀ ਭੈਣ ਨੇ ਸਬਕ ਸੁਣਾਇਆ ਤਾਂ ਗਲਤ ਸੀ । ਸੁਮਨ ਨੇ ਕਿਹਾ—ਮਾਸਟਰ ਜੀ ਇਹ ਗਲਤ ਗਾ ਰਹੀ ਏ ।

"ਤੈਨੂੰ ਆਉਂਦੇ ਵਜਾਉਣਾ ?" ਮਾਸਟਰ ਜੀ ਨੇ ਪੁੱਛਿਆ, ਤੇ ਸੁਮਨ ਨੂੰ ਵਾਜਾ ਦਿੱਤਾ ।

ਸੁਮਨ ਨੇ ਵਾਜੇ ਦੀਆਂ ਸੁਰਾਂ ਤੇ ਸਰਗਰਮ ਸੁਣਾ ਦਿੱਤੀ ।

... ...

ਸੁਮਨ ਦਾ ਕਹਿਣਾ ਹੈ, ਕਿ ਉਸਨੂੰ ਕੁਰਤਾ ਪਜਾਮਾ ਪਾਉਣ ਵਾਲਾ ਮਰਦ ਨਿਰਾ ਝੁੱਡੂ ਲੱਗਦਾ ਹੈ । ਉਸ ਨੇ ਦੱਸਿਆ—'1962 ਵਿਚ ਜੱਗਾ ਉਸ ਨੂੰ ਇਕ ਪ੍ਰੋਗਰਾਮ ਤੇ ਮੇਰਠ ਲੈ ਗਿਆ । ਇਥੇ ਮਦਨ ਜਮੂਰਾ ਵੀ ਆਇਆ ਹੋਇਆ ਸੀ । ਉਹਨੇ ਸਟੇਜ ਤੇ ਗੀਤ ਗਾਇਆ—

ਨੀ ਮੈਂ ਰਖਿਆ ਪਿਆਰ ਛੁਪਾ ਕੇ,
ਅੱਖੀਆਂ ਬੋਲ ਪਈਆਂ ।

ਪਤਲੇ ਨੈਣ ਨਕਸ਼ਾਂ ਵਾਲਾ ਗੋਰਾ ਚਿੱਟਾ, ਮਲੂਕੜਾ ਜਿਹਾ ਮਦਨ ਜਮੂਰਾ ਇਸ ਗੀਤ ਨੂੰ ਇੰਨਾ ਉਚਾ ਲੈ ਗਿਆ ਕਿ ਸਰੋਤਿਆਂ ਨੇ ਰੱਜ ਕੇ ਦਾਦ ਦਿੱਤੀ । ਸੁਮਨ ਤਾਂ ਲੁੱਟੀ ਹੀ ਗਈ । ਜੱਗੇ ਨੇ ਸੁਮਨ ਦੀ ਇਹ ਹਾਲਤ ਦੇਖ ਲਈ ਦੇ ਜਮੂਰੇ ਦੇ ਸਾਹਮਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਪੁੱਛਿਆ—'ਸੁਮਨ, ਤੇਰਾ ਜਮੂਰੇ ਨਾਲ ਵਿਆਹ ਕਰਾ ਦੇਵਾਂ ?' ਸੁਮਨ ਝੱਟ ਬੋਲੀ—'ਪਰ ਇਕ ਸ਼ਰਤ ਹੈ, ਇਹ ਤਮਾਕੂ ਵਾਲਾ ਪਾਨ ਖਾਣਾ ਛੱਡ ਦੇਵੇ, ਤੇ ਕੁਰਤਾ ਪਜਾਮਾ ਕਦੇ ਨਾ ਪਾਏ ।'

ਜੱਗਾ ਮਿਹਰਬਾਨ ਹੋ ਗਿਆ । ਵਿਚੋਲਾ ਬਣ ਕੇ ਸੁਮਨ ਆਨੰਦ ਦਾ ਮਦਨ ਜਮੂਰੇ ਨਾਲ ਵਿਆਹ ਕਰਾ ਦਿੱਤਾ ।

ਜਿਸ ਦਿਨ ਸ਼ਗਨ ਪਿਆ, ਉਸੇ ਦਿਨ ਜਮੂਰਾ ਆਪਣੇ ਸੋਹਰੇ, ਤੇ ਸ਼ਗਨ ਪਾਉਣ ਆਏ ਪ੍ਰਾਹੁਣਿਆਂ ਨੂੰ ਨਾਲ ਲੈ ਕੇ ਜਲੰਧਰ ਦੇ ਰੈਣਕ ਬਾਜ਼ਾਰ ਵਿਚ ਆ ਗਿਆ । ਇਕ ਹੱਟੀ ਤੋਂ ਜਮੂਰੇ ਨੇ ਤਮਾਕੂ ਵਾਲਾ ਪਾਨ ਲੁਆਇਆ ਤੇ ਸਿਗਰਟ ਸੁਲਗਾ ਕੇ ਲਾਹੌਰੀ ਗੁੰਡਿਆਂ ਵਾਂਗ ਦੋ ਉਂਗਲਾਂ ਵਿਚ ਦਬਾਈ, ਤੇ ਸੂਟਾ ਮਾਰਿਆ । ਉਸ ਦੇ ਸੋਹਰੇ ਨੇ ਪੁੱਛਿਆ—"ਮਦਨ ਜੀ, ਤੁਸੀਂ ਪਾਨ ਖਾ ਲੈਂਦੇ ਹੋ ?"

"ਬਾਊ ਜੀ, ਮੈਂ ਤਾਂ ਦਾਰੂ ਵੀ ਪੀ ਲੈਂਦਾ ਹਾਂ ।" ਮਦਨ ਜਮੂਰੇ ਨੇ ਖੁਲ੍ਹ ਕੇ ਉੱਤਰ ਦਿੱਤਾ । ਸੋਹਰੇ ਨੇ ਸਮਝ ਲਿਆ, ਮੁੰਡਾ ਆਰਟਿਸਟ ਹੈ ।

ਸੁਮਨ ਦਾ ਜਨਮ 1941 ਵਿਚ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ । ਆਪਣੀ ਮਾਂ ਨੂੰ ਸ਼ਾਇਦ ਬਚਪਨ ਦੀਆਂ ਮਾਸੂਮ ਅੱਖਾਂ ਨ ਲ ਦੇਖਿਆ ਹੋਵੇ, ਪਰ ਉਸ ਦਾ ਚਿਹਰਾ ਯਾਦ ਨਹੀਂ । ਸੁਮਨ ਨੂੰ ਉਸਦੀ ਦੂਜੀ ਮਾਂ ਸੀਤਾ ਦੇਵੀ ਨੇ ਪਾਲਿਆ ।

1947 ਦੀ ਦੇਸ਼ ਤੇ ਖ਼ਾਸ ਤੌਰ ਤੇ ਪੰਜਾਬ ਦੀ ਵੰਡ ਨੇ ਇਸ ਪਰਵਾਰ ਨੂੰ ਪਹਿਲਾਂ ਗਵਾਲੀਅਰ, ਤੇ ਫੇਰ ਅੰਮ੍ਰਿਤਸਰ ਅਤੇ ਉਸ ਤੋਂ ਬਾਅਦ 1950 ਵਿਚ ਦਿੱਲੀ ਲਿਆ ਵਸਾਇਆ, ਸਬਜ਼ੀ ਮੰਡੀ ਦੇ ਕੋਲ ਝੁੱਗੀਆਂ ਵਿਚ ।

ਇਹਨਾਂ ਦੀ ਰਿਹਾਇਸ਼ ਕੋਲ ਹੀ ਗੁਰਦਵਾਰਾ ਸੀ ! ਸਿਆਲ ਦੀ ਰੁੱਤ ਸੀ, ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ । ਸੁਮਨ ਨੇ ਇਸ ਮੌਕੇ ਲਈ ਤਿਆਰ ਸ਼ਬਦ ਸਟੇਜ ਤੇ ਪੜ੍ਹਿਆ :—

ਅਬਚਲ ਨਗਰ ਗੋਬਿੰਦ ਗੁਰੂ ਕਾ
ਨਾਮ ਜਪਤ ਸੁਖ ਪਾਇਆ ।

ਸ਼ਬਦ ਬਹੁਤਾ ਚੰਗਾ ਨਾ ਗਾਇਆ ਜਾ ਸਕਿਆ । ਪਰ ਸੁਮਨ ਦਾ ਹੌਸਲਾ ਵਧਾਣ ਲਈ ਪ੍ਰਧਾਨ ਨੇ ਪੰਜ ਰੁਪਏ ਇਨਾਮ ਦਿੱਤਾ । ਪੰਜ ਸੈਕਟਰੀ ਨੇ ਵੀ ਦੇ ਦਿੱਤੇ । ਪੰਜ ਇਕ ਮਾਈ ਨੇ । ਕੁੜੀ ਸੋਹਣੀ, ਆਵਾਜ਼ ਵੀ ਸੋਹਣੀ । ਰੁਪਿਆਂ ਦਾ ਢੇਰ ਲੱਗ ਗਿਆ । ਦੇਖਾ ਦੇਖੀ ਸੰਗਤ ਨੇ ਵੀ ਖ਼ੂਬ ਇਨਾਮ ਦਿੱਤਾ ।

ਮਾਂ ਸੀਤਾ ਜਦੋਂ ਇਨਾਮਾਂ ਦੇ ਪੈਸੇ ਇਕੱਠੇ ਕਰ ਕੇ ਰੁਮਾਲ ਵਿਚ ਬੰਨ੍ਹ ਰਹੀ ਸੀ, ਤਾਂ ਸ਼ਾਇਦ ਉਹਨੇ ਸੋਚਿਆ ਹੋਵੇ, "ਸੁਮਨ ਇਕ ਮੁਰਗੀ ਹੈ, ਜੋ ਸੋਨੇ ਦਾ ਅੰਡਾ ਦੇ ਸਕਦੀ ਹੈ ।" ਉਸੇ ਦਿਨ ਤੋਂ ਉਹ ਸੁਮਨ ਨਾਲ ਐਂਝ ਨੱਥੀ ਹੋ ਗਈ, ਜਿਵੇਂ ਸਕੂਟਰ ਨਾਲ ਸਟੱਪਣੀ ਲੱਗੀ ਹੋਵੇ ।

ਸੁਮਨ ਨੇ ਜਗਰਾਤਿਆਂ ਵਿਚ ਗਾਇਆ । ਕਵੀ ਦਰਬਾਰਾਂ ਤੇ ਸੰਗੀਤ ਦਰਬਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹਿੱਸਾ ਲਿਆ। ਉਹ ਦੂਰ ਦੂਰ ਤਕ ਸਾਈਕਲ ਦੇ ਕੈਰੀਅਰ ਉਪਰ ਆਪਣੀ ਮਾਂ ਨੂੰ ਲੱਦ ਕੇ ਲੈ ਜਾਂਦੀ, ਤੇ ਪ੍ਰੋਗਰਾਮ ਤੋਂ ਬਾਅਦ ਅੱਧੀ ਰਾਤੀਂ ਮਾਵਾਂ ਧੀਆਂ ਸਾਈਕਲ ਧਰੂੰਹਦੀਆ ਘਰ ਮੁੜਦੀਆਂ।

ਇੰਝ ਸੁਮਨ ਨੇ ਆਪਣੇ ਜਿਸਮ, ਇਰਾਦੇ, ਅਤੇ ਸੰਗੀਤ ਨੂੰ ਕਰੜੀ ਮਿਹਨਤ ਤੇ ਮੁੜ੍ਹਕੇ ਨਾਲ ਸਿੰਜਿਆ।

ਖੋਖੇ ਵਿਚ ਗਾਏ ਸ਼ਬਦ ਤੋਂ ਬਾਅਦ ਆਤਮਾ ਸਿੰਘ ਨਾਮਧਾਰੀ ਦੀ ਪਤਨੀ ਬੀਬੀ ਲੀਲ੍ਹਾਵੰਤੀ ਸੁਮਨ ਦੀ ਸਹੇਲੀ—ਮਾਂ ਬਣ ਗਈ। ਉਹ ਅਮੀਰ ਸੀ, ਅਮੀਰਾਂ ਵਿਚ ਜਾਣ ਆਉਣ ਸੀ। ਉਸ ਨੇ ਸੁਮਨ ਨੂੰ ਗਾਉਣਾ ਸਿੱਖਣ ਵਿਚ ਸਹਾਇਤਾ ਕੀਤੀ। ਉਦੋਂ ਉਹ, ਸੁਮਨ ਨਹੀਂ ਸੀ—ਉਸ ਦਾ ਨਾਂ ਦੁਰਗਾ ਸੀ। ਉਸ ਨੇ ਸੁਮਨ ਬਣ ਕੇ ਆਸਾ ਸਿੰਘ ਮਸਤਾਨਾ, ਅਗਨੀ ਹੋਤਰੀ, ਰਮਤੇ, ਅਤੇ ਹੋਰ ਕਈ ਪ੍ਰਸਿਧ ਆਰਟਿਸਟਾਂ ਨਾਲ ਗਾਇਆ।

1960 ਤੋਂ 1962 ਤਕ ਸੁਮਨ ਨੇ ਜਲੰਧਰ ਜਗਤ ਸਿੰਘ ਜੱਗੇ ਨਾਲ ਗਾਇਆ।

ਮਦਨ ਜਮੂਰੇ ਨਾਲ ਵਿਆਹ ਹੋ ਜਾਣ ਤੋਂ ਛੇ ਮਹੀਨੇ ਬਾਅਦ ਉਹ ਜਮੂਰੇ ਨੂੰ ਨਾਲ ਲੈ ਕੇ ਦਿੱਲੀ ਆ ਗਈ। ਉਸਨੇ ਮਲੂਕੜੇ ਜਿਹੇ ਜਮੂਰੇ ਨੂੰ ਛਾਤੀ ਨਾਲ ਲਾ ਕੇ ਆਖਿਆ, "ਤੂੰ ਕਿਉਂ ਘਬਰਾਉਂਦੈ, ਤ੍ਰੀਮਤਪਨ ਤੂੰ ਲੈ ਲੈ, ਤੇ ਆਪਣਾ ਮਰਦਾਊਪੁਣਾ ਮੈਨੂੰ ਦੇ ਦੇ। ਦੇਖ, ਚੰਗੇ ਦਿਨ ਸਾਡਾ ਇੰਤਜ਼ਾਰ ਕਰ ਰਹੇ ਨੇ...।"

ਇਸ ਦੌਰਾਨ ਸੁਮਨ ਨੇ ਕਈਆਂ ਨਾਲ ਡੀਊਟ ਸਾਂਗ ਗਾਏ। ਪਰ ਉਹ ਵਿਹਲੇ ਸਮੇਂ ਵਿਚ ਮਦਨ ਜਮੂਰੇ ਉਤੇ ਸਖ਼ਤ ਮਿਹਨਤ ਕਰਦੀ। ਉਸਨੂੰ ਗਾਉਣਾ, ਅਤੇ ਡੀਊਟ ਵਿਚਕਾਰ ਦਿਲਚਸਪ ਛੇੜਖ਼ਾਨੀ ਦੀ ਗੱਲਬਾਤ ਕਰਨ ਦਾ ਅੰਦਾਜ਼ ਸਿਖਾਂਦੀ। ਜਦੋਂ ਮਦਨ ਜਮੂਰਾ ਐਨ ਤਿਆਰ ਹੋ ਗਿਆ, ਤਾਂ ਉਸ ਨੂੰ ਸਟੇਜ ਤੇ ਲੈ ਆਈ।

ਪਤੀ ਪਤਨੀ ਜਦੋਂ ਖੁਲ੍ਹ ਕੇ ਗਾਉਂਦੇ ਅਤੇ ਵਿਚ ਵਿਚ ਦਿਲਚਸਪ ਛੇੜਖ਼ਾਨੀ ਵਾਲਿਆਂ ਗੱਲਾਂ ਕਰਦੇ, ਤਾਂ ਸਰੋਤਿਆਂ ਦੇ ਦਿਲ ਲੁੱਟ ਲੈਂਦੇ। ਜਿੰਨੇ ਪੈਸੇ ਮੰਗਦੇ, ਮਿਲਦੇ। ਇਨਾਮਾਂ ਦੇ ਢੇਰ ਲੱਗ ਜਾਂਦੇ। ਹੁਣ ਉਸ ਕੋਲ ਕਾਰ ਤੇ ਕੋਠੀ ਆ ਗਈ। ਪੈਸਾ ਸੀ, ਕਿ ਚਲਾ ਆ ਰਹੀ ਸੀ।

ਮਦਨ ਜਮੂਰਾ ਤਮਾਕੂ ਵਾਲੇ ਪਾਨਾਂ ਨੂੰ ਲੰਘਦਾ ਹੋਇਆ ਸ਼ਰਾਬ ਦੇ ਨਸ਼ੇ ਵਿਚ ਧੁੱਤ ਰਹਿਣ ਲੱਗਾ...। ਉਸ ਦੀ ਹਾਲਤ ਵਿਗੜਦੀ ਗਈ। ਅੰਤ 9 ਸਤੰਬਰ, 1974 ਨੂੰ ਕੈਂਸਰ ਦੇ ਕਾਰਨ ਮਦਨ ਜਮੂਰੇ ਦੀ ਸੁਰੀਲੀ ਆਵਾਜ਼ ਸਦਾ ਸਦਾ ਲਈ ਬੰਦ ਹੋ ਗਈ। ਉਹ ਮਲੂਕੜਾ ਜਿਹਾ ਹੱਸਮੁੱਖ ਕਲਾਕਾਰ ਸੁਮਨ ਦੀ ਜ਼ਿੰਦਗੀ ਸੁਨੀ ਕਰ ਗਿਆ।

ਸੁਮਨ ਇਕ ਬੱਚੀ ਤੇ ਇਕ ਬੱਚੇ ਨਾਲ ਉਦਾਸ ਹੋ ਕੇ ਰਹਿ ਗਈ।

ਉਸ ਨੇ ਹੰਝੂਆਂ ਨਾਲ ਭਰੀਆਂ ਹੋਈਆਂ ਪਲਕਾਂ ਹੇਠਾਂ ਝੁਕਾ ਰਖੀਆਂ ਸਨ, ਤੇ ਹਾਰਮੋਨੀਅਮ ਤੇ ਝੁਕੀ ਅਲਾਪ ਜਿਹਾ ਲੈ ਰਹੀ ਸੀ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਰੀ ਵਕਤ ਹੈ
ਸਾਂਸ ਹੈ ਆਖਰੀਂ,
ਜ਼ਿੰਦਗੀ ਕੀ ਯਿਹ ਸ਼ਾਮ
ਆਖਰੀਂ, ਆਖਰੀਂ ।
ਦੁਨੀਆ ਵਾਲੋ ਮੁਬਾਰਕ ਹੋ
ਦੁਨੀਆ ਤੁਮੇਂ,
ਕਰ ਚਲੇ ਹਮ
ਸਲਾਮ ਆਖਰੀਂ ਆਖਰੀਂ ।

ਸੁਮਨ ਆਨੰਦ ਸਟੇਜ ਦੀ ਬਾਦਸ਼ਾਹ ਹੈ । ਰੀਕਾਰਡਿੰਗ ਕੰਪਨੀਆਂ ਤੇ ਰੇਡੀਓ ਤੋਂ ਇਲਾਵਾ ਉਸ ਨੇ ਡਰਾਮੇ ਅਤੇ ਫ਼ਿਲਮਾਂ ਵਿਚ ਵੀ ਕੰਮ ਕੀਤਾ ਹੈ ।

ਕੁਤਬ ਮੀਨਾਰ ਕੋਲ ਫ਼ਿਲਮ ਦਿੱਲੀ ਜੰਕਸ਼ਨ ਦੀ ਸੂਟਿੰਗ ਹੋ ਰਹੀ ਸੀ, ਉਸ ਦੀ ਹੀਰੋਇਨ ਸ਼ਕੀਲਾ ਸੀ । ਪਰਾਨ ਨੇ ਸ਼ਕੀਲਾ ਸਮਝ ਕੇ ਸੁਮਨ ਨੂੰ ਨਸਾ ਕੇ ਗਾਰ ਵਿਚ ਬੰਦ ਕਰਨ ਲੈ ਜਾਣਾ ਸੀ, ਕਿਉਂਕਿ ਉਹ ਸ਼ਕੀਲਾ ਦੀ ਹਮਸ਼ਕਲ ਸੀ ।

ਸੁਮਨ ਦੇ ਵਾਲ ਖਿਲਾਰ ਕੇ ਲਾਂਗ ਸ਼ਾਰਟ ਲਿਆ ਗਿਆ । ਉਦੋਂ ਉਹ ਪਿਛਿਉਂ ਨਿਰੀ ਭੂਤਨੀ ਜਾਪਦੀ ਸੀ ।

ਜ਼ਿੰਦਗੀ ਨੇ ਉਸ ਨੂੰ ਦਲੇਰ, ਨਿਡਰ ਅਤੇ ਆਪਣਾ ਰਸਤਾ ਆਪ ਬਣਾਉਣ ਦਾ ਸਲੀਕਾ ਸਿਖਾਇਆ ਹੈ । ਅਣਖੀਲੀ ਇੰਨੀ ਹੈ, ਕਿ ਜੇ ਪ੍ਰਬੰਧਕ ਕੋਈ ਗ਼ੈਰ ਵਾਜਬ ਗੱਲ ਕਰਨ, ਤਾਂ ਪੈਸੇ ਵਿਚ ਛੱਡ ਕੇ ਹਾਰਮੋਨੀਅਮ ਉਹਨਾਂ ਦੇ ਸਿਰ ਵਿਚ ਮਾਰ ਕੇ ਤੁਰ ਆਉਂਦੀ ਹੈ । ਘਰ ਆਏ ਮਿੱਤਰਾਂ ਦੋਸਤਾਂ ਅੱਗੇ ਸਭ ਤੋਂ ਵੱਧ ਸੁਆਦ ਬਣੀ ਚੀਜ਼ ਖਾਣ ਨੂੰ ਰਖੇਗੀ । ਸਭ ਤੋਂ ਵਧੀਆ ਸਾੜੀ ਪਾ ਕੇ ਉਹਨਾਂ ਕੋਲ ਬੈਠੇਗੀ । ਉਸ ਕੋਲ ਬੈਠ ਕੇ ਨਿੱਘ ਤੇ ਜੀਵਨ ਨੂੰ ਰੀਝ ਨਾਲ ਜੀਉਣ ਦੀ ਲੋਚ ਮਘਦੀ ਹੈ । ਉਹ ਹੱਸਦੀ ਹੈ, ਜਿਵੇਂ ਉਸ ਹਾਸੇ ਵਿਚ ਪੁਰਾਣੀਆਂ ਤਲਖ਼ੀਆਂ ਘੁਲੀਆਂ ਹੋਣ । ਉਹ ਗੱਲ ਕਰਦੀ ਕਦੇ ਕਦੇ ਅਤੀਤ ਵਿਚ ਗੁਆਚ ਜਾਂਦੀ ਹੈ, ਜਿਵੇਂ ਖੁੰਝੇ ਹੋਏ ਸਮੇਂ ਨੂੰ ਵਰਚਾ ਰਹੀ ਹੋਵੇ ।

ਗਾਣਾ ਗਾਉਂਦਿਆਂ ਵਿਚ ਵਿਚ ਦਿਲਚਸਪ ਮਜ਼ਾਕ ਤੇ ਹਸਾਉਣੀਆਂ ਗੱਲਾਂ ਕਰਨ ਦਾ ਅੰਦਾਜ਼ ਪੰਜਾਬੀ ਵਿਚ ਸੁਮਨ ਨੇ ਹੀ ਈਜਾਦ ਕੀਤਾ ।

ਸੁਮਨ ਨਫ਼ੀਸ ਉਰਦੂ ਬੋਲ ਸਕਦੀ ਹੈ । ਉਹ ਆਲ ਰਾਊਂਡਰ ਹੈ । ਜਦੋਂ ਕੱਵਾਲੀ ਗਾਉਂਦੀ ਹੈ ਤਾਂ ਪੇਸ਼ਾਵਰ ਕੱਵਾਲ ਜਾਪਦੀ ਹੈ । ਮੈਂ ਉਸ ਨੂੰ ਬਹੁਤ ਵਾਰ ਸੁਣਿਆ ਹੈ । ਪਰ ਜਦੋਂ ਵੀ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੋਈ ਗੀਤ ਪੜ੍ਹਦੀ ਹੈ, ਉਸ ਦੀਆ ਅੱਖਾਂ ਭਰ ਆਉਂਦੀਆਂ ਹਨ । ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ । ਉਸ ਨੇ ਕਿਹਾ "ਉਸ ਮਹਾਨ ਪਰਮ ਮਨੁੱਖ ਦੀਆਂ ਕੁਰਬਾਨੀਆਂ ਚੇਤੇ ਕਰਕੇ ਮੈਂ ਆਪਣੇ ਦਿਲ ਤੇ ਕਾਬੂ ਨਹੀਂ ਰੱਖ ਸਕਦੀ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਮਨ ਬੇਹਦ ਤੇਜ਼ ਸਕੂਟਰ ਚਲਾਉਂਦੀ ਹੈ।

"ਤੂੰ ਸਕੂਟਰ ਤੇਜ਼ ਨਾ ਚਲਾਇਆ ਕਰ।" ਮੈਂ ਉਸ ਨੂੰ ਆਖਿਆ।

"ਕੁੜੀ ਤੇ ਉਹ ਵੀ ਸਕੂਟਰ ਤੇ। ਮੋਏ ਮੁੰਡੇ ਪਿੱਛਾ ਕਰਨ ਲੱਗ ਪੈਂਦੇ ਨੇ।" ਉਹਨੇ ਰਤਾ ਕੁ ਹੱਸ ਕੇ ਕਿਹਾ—"ਮੈਂ ਇਹਨਾਂ ਨੂੰ ਨਾਲ ਹੀ ਨਹੀਂ ਰਲਣ ਦਿੰਦੀ।"

ਉਸ ਦੀ ਸਾਹਮਣੇ ਵਾਲੀ ਕੰਧ ਉਪਰ ਲੱਗੇ ਵਾਲਪੀਸ ਦੇ ਦੋ ਸਾਰਸ ਚੁੰਝਾਂ ਮਿਲਾਈ ਖੜੇ ਸਨ। ਉਹ ਉਹਨਾਂ ਵੱਲ ਦੇਖ ਕੇ ਮੁਸਕਰਾਈ। ਉਸ ਦੀਆਂ ਗੱਲ੍ਹਾਂ ਦੇ ਟੋਏ ਹਿਆ ਦੀ ਸੁਰਖੀ ਨਾਲ ਭਰ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਬ ਦਾ ਸ਼ਰੀਕ

ਦਰਸ਼ਨ ਸਿੰਘ "ਆਵਾਰਾ" ਜਦੋਂ ਮਿਲ ਜਾਂਦਾ ਤਾਂ ਗੱਲਬਾਤ ਦਾ ਇਕ ਖ਼ੁਸ਼ਗਵਾਰ ਮਾਹੌਲ ਬਣ ਜਾਂਦਾ ਸੀ। ਲਤੀਫ਼ੇ, ਸ਼ਿਅਰ, ਤਜ਼ਮੀਨਾਂ, ਸਪੋਲੀਆਂ ਜਿਹੇ ਫ਼ਿਕਰੇ। ਇਨ੍ਹਾਂ ਵਿਚ ਫੱਕੜਪੁਣਾ, ਤੇ ਅਸ਼ਲੀਲਤਾ ਵੀ ਰਲ ਜਾਂਦੀ। ਪਰ ਉਸ ਹੱਦ ਤੀਕ, ਜਿਥੇ ਆਪਣਾ ਨੁਕਤਾ ਨਜ਼ਰ ਸਪੱਸ਼ਟ ਕਰਨ, ਜਾਂ ਜ਼ੋਰਦਾਰ ਬਣਾਉਣ ਦੀ ਲੋੜ ਹੁੰਦੀ। ਕਈ ਵਾਰ ਉਹ ਗੱਲ ਕਰਦਾ ਕਰਦਾ ਡੁੱਬ ਜਿਹਾ ਜਾਂਦਾ, ਤੇ ਜਦੋਂ ਗੋਤਾ ਮਾਰ ਕੇ ਮੁੜਦਾ, ਤਾਂ ਕੋਈ ਉਰਦੂ ਦਾ ਸ਼ਿਅਰ, ਜਾਂ ਬ੍ਰਿਜ ਭਾਸ਼ਾ ਦੀ ਫੜਕਦੀ ਹੋਈ ਤੁਕ ਉਹਦੀ ਜ਼ਬਾਨ ਤੇ ਹੁੰਦੀ।

ਆਵਾਰਾ ਜਿਹਲਮ ਵਿਚ ਕੱਪੜੇ ਦੀ ਦੁਕਾਨ ਕਰਦਾ ਸੀ। ਇਕ ਵਾਰ ਧਿਆਨ ਵਿਚ ਮਗਨ ਕਵਿਤਾ ਰਚ ਰਿਹਾ ਸੀ। ਗਾਹਕ ਨੇ ਪੁੱਛਿਆ—"ਭਾਈ ਦੋ ਘੋੜੇ ਦੀ ਬੋਸਗੀ ਹੈਗੀ ?"

"ਹੈ ਨਹੀਂ।"

"ਦਿਲ ਕੀ ਪਿਆਸ ਹੈਗੀ ?"

"ਹੈ ਨਹੀਂ।" ਗਾਹਕ ਵੱਲ ਦੇਖੋਂ ਬਿਨਾਂ ਹੀ "ਆਵਾਰਾ" ਨੇ ਉੱਤਰ ਦਿੱਤਾ।

"ਚਾਬੀ ਦਾ ਲੱਠਾ ਹੈਗਾ ?"

"ਹੈ ਨਹੀਂ।"

ਗਾਹਕ ਬੜਾ ਹੈਰਾਨ ਹੋਇਆ ! ਸਾਹਮਣੇ ਚਾਬੀ ਦੇ ਲੱਠੇ ਦਾ ਥਾਨ ਪਿਆ ਸੀ। ਉਸ ਨੇ ਆਖਿਆ—"ਚਾਬੀ ਦੇ ਲੱਠੇ ਦਾ ਥਾਨ ਸਾਹਮਣੇ ਤਾਂ ਪਿਆ ਹੈ। ਤੁਸੀਂ ਕਹਿੰਦੇ ਓ ਹੈ ਨਹੀਂ ?"

"ਉਹ ਵੀ ਹੈ ਨਹੀਂ।" "ਆਵਾਰਾ" ਆਪਣੀ ਧੁਨ ਵਿਚ ਮਗਨ ਸੀ।

... ...

ਉਹ ਦਿੱਲੀ ਆਉਂਦਾ। ਕਦੇ ਟੀ. ਵੀ. ਤੇ ਰੀਕਾਰਡਿੰਗ ਜਾਂ ਇੰਟਰਵਿਊ ਲਈ। ਕਦੇ ਭਾਸ਼ਾ ਵਿਭਾਗ ਦੇ ਕਿਸੇ ਕੰਮ, ਕਦੇ ਕਿਸੇ ਨਿੱਜੀ ਕੰਮ ! ਉਸ ਨਾਲ ਗੱਪ-ਗੋਸ਼ਟੀ ਜ਼ਰੂਰ ਹੁੰਦੀ।

ਇਕ ਵਾਰ ਮੈਂ ਉਹਨੂੰ ਪੁੱਛਿਆ—"ਰੱਬ ਦੇ ਵਿਰੁਧ ਤੂੰ ਜਿਹੜਾ ਜਹਾਦ ਕੀਤਾ ਹੈ, ਉਸ ਤੋਂ ਪੰਜਾਬੀ ਸਾਹਿਤ ਨੂੰ ਕੀ ਲਾਭ ਹੋਇਐ ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਵਾਰਾ—"ਇਸੇ ਬਦਮਾਸ਼ ਦਾ ਨਾਂ ਲੈ ਕੇ ਧਾਰਮਕ ਅਸਥਾਨਾਂ ਦੇ ਪੁਜਾਰੀ ਤੇ ਧਨਵਾਨ ਲੋਕ ਕਿਰਤੀ ਕਾਮਿਆਂ ਨੂੰ ਲੁੱਟਦੇ ਹਨ। ਜੇ ਮੈਂ ਸਿਰਫ਼ ਧਨਵਾਨਾਂ ਦੇ ਹੀ ਵਿਰੁਧ ਜਹਾਦ ਕਰਦਾ, ਤਾਂ ਇਹ ਲੜਾਈ ਅਧੂਰੀ ਹੁੰਦੀ। ਮੈਂ ਦਰਖ਼ਤ ਦੀਆਂ ਜੜ੍ਹਾਂ ਵੱਢ ਕੇ ਇਸ ਦੀ ਖੋਹੜ ਵਿਚ ਬੈਠੇ ਸਰਮਾਏਦਾਰੀ ਦੇ ਫਰੀਅਰ ਨੂੰ ਕੁਚਲਨਾ ਚਾਹੁੰਦਾ ਹਾਂ।"

?—"ਪਰ "ਬਗਾਵਤ" ਤੇ "ਬਾਗੀ" ਤੋਂ ਬਾਅਦ ਧਾਰਮਿਕ ਪਾਖੰਡ ਤੇ ਸਰਮਾਏਦਾਰੀ ਵਿਚ ਵਾਧਾ ਹੀ ਹੋਇਆ ਹੈ!"

ਆਵਾਰਾ—ਪਾਖੰਡੀਆਂ, ਤੇ ਸਰਮਾਏਦਾਰੀ ਵਿਚ ਵਾਧਾ, ਦਰਅਸਲ ਮੇਰੇ, ਤੇ ਮੇਰੇ ਜਿਹੇ ਲੋਕਾਂ ਦੇ ਜਹਾਦ ਦਾ ਹੀ ਸਿੱਟਾ ਹੈ। ਪਰ ਡੁੱਬਣ ਲੱਗਾ ਸਵਾਰ ਬੇੜੀ ਨੂੰ ਘੁੱਟ ਕੇ ਪਕੜ ਰਿਹਾ ਹੈ। ਉਸ ਨੂੰ ਪਤਾ ਨਹੀਂ ਕਿ ਬੇੜੀ ਤਾਂ ਖ਼ੁਦ ਹੀ-ਡੁੱਬ ਰਹੀ ਹੈ।

?—ਆਪਣੀ ਕਵਿਤਾ ਵਿਚ ਤੂੰ ਕਈ ਥਾਵਾਂ ਤੇ ਪੁਜਾਰੀਆਂ ਵਿਰੁਧ ਵਿਦਰੋਹ ਲਈ ਪ੍ਰੇਰਦਾ ਏਂ, ਤੇ ਨਾਲ ਨਾਲ ਰੱਬ ਦਾ ਆਸਰਾ ਵੀ ਤਕਾਂਦਾ ਏਂ! ਜਿਵੇਂ :—

ਵੇਖ ਇਨ੍ਹਾਂ ਨੇ ਵਾਂਗ ਮਦਾਰੀ।
ਪੇਟ ਲਈ ਕੀ ਖੇਡ ਖਿਲਾਰੀ।
ਅਸਾਂ ਦੋਹਾਂ ਵਿਚ ਕੰਧ ਉਸਾਰੀ।
ਖ਼ੁਦ ਮੱਲ ਬੈਠੇ ਵਿਚਲੀ ਬਾਰੀ।
ਇਨ੍ਹਾਂ ਨੂੰ ਇਸ ਬਾਰੀ ਵਿਚੋਂ—
ਕਨੋਂ ਪਕੜ ਉਠਾ ਓ ਯਾਰ...
... ...
ਜੇ ਨਹੀਂ ਸੀ ਤੂੰ ਮੁੱਖ ਦਿਖਲਾਣਾ।
ਝੂਠਾ ਲਾਰਾ ਕਿਉਂ ਸੀ ਲਾਣਾ?
ਹੁਣ ਤਾਂ ਪੈਸੀ ਘੁੰਡ ਉਠਾਣਾ।
ਦੇਖੇ ਬਾਝੋਂ ਮੈਂ ਨਹੀਂ ਜਾਣਾ।
ਚਾਹਵਾਨਾਂ ਨੂੰ ਇਉਂ ਤੜਫਾਨੈਂ?
ਇਹ ਨਹੀਂ ਤੈਨੂੰ ਰਵਾ ਓ ਯਾਰ...
... ...

ਇਹ ਕਿਹੋ ਜਿਹੇ ਵਿਚਾਰ ਹਨ? ਤੂੰ ਰੱਬ ਨੂੰ ਮੰਨਦਾ ਵੀ ਏਂ, ਤੇ ਇਨਕਾਰੀ ਵੀ ਏਂ। ਤੇਰਾ ਇਤਕਾਦ ਸਥਿਰ ਨਹੀਂ?

ਆਵਾਰਾ—ਇਨ੍ਹਾਂ ਉਪਰਲੀਆਂ ਤੁਕਾਂ ਵਿਚ ਬੰਦੇ ਨੂੰ ਕੁਰਾਹੇ ਪਾਉਣ ਵਾਲੇ ਮਜ਼ਹਬ ਦੇ ਪਰਚਾਰਕਾਂ ਭਾਈਆਂ ਪੰਡਿਤਾਂ ਤੇ ਮੁਲਾਣਿਆਂ ਦੀ ਸਾਜ਼ਸ਼ ਦਾ ਮੈਂ ਜ਼ਿਕਰ ਕੀਤਾ ਹੈ, ਇਹ ਰੱਬ ਵਿਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਦੇ ਮਨ ਦੀ ਗੱਲ ਹੈ। ਦੂਜੀਆਂ ਸਤਰਾਂ ਵਿਚ ਮੈਨੂੰ ਰੱਬ ਦੇ ਨਾ ਹੋਣ ਦਾ ਇਤਨਾ ਦ੍ਰਿੜ੍ਹ ਵਿਸ਼ਵਾਸ ਹੈ, ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕਟਾਖਸ਼ ਕਰਦਾ ਕਹਿੰਦਾ ਹਾਂ—''ਦੇਖੇ ਬਾਝੋਂ ਮੈਂ ਨਹੀਂ ਜਾਣਾ—।'' ਉਹ ਹੈ ਈ ਨਹੀਂ, ਤਾਂ ਮੈਨੂੰ ਵਿਖਾਲੀ ਕਿਥੋਂ ਦੇਊ ? ਤਿੰਨ ਚਾਰ ਹਜ਼ਾਰ ਸਾਲ ਪੂਰਵ ਸਾਡੇ ਹੀ ਕਿਸੇ ਬਜ਼ੁਰਗ ਦੀ ਮਿਹਰਬਾਨੀ ਨਾਲ ਰੱਬ ਦਾ ਇੱਮੇਜ ਘੜਿਆ ਗਿਆ ਸੀ । ਜਿਸ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ—ਸਾਨੂੰ ਆਪਣੇ ਵਡੇਰਿਆਂ ਦੇ ਪਾਪ ਭੁਗਤਣੇ ਪੈਂਦੇ ਹਨ ।

?—ਤੇਰੀ ਦਲੀਲ ਤੇਰੀਆਂ ਕਵਿਤਾਵਾਂ ਦੀਆਂ ਸਤਰਾਂ ਦੀ ਹਾਮੀ ਨਹੀਂ ਭਰਦੀ :—

''ਇਹ ਵੀ ਅੱਗੇ ਲੱਭੇ, ਜਾਂ ਨਾ ਲੱਭੇ, ਮੌਲਾ ਜਾਣੇ ।''

''ਮੈਂ ਤਕੱਣਾ ਓ ਬੰਦਿਆ ਤੇਰਾ ਨਾਮਾ ਅਮਲਾ ਵਾਲਾ''

ਇਹ ਸਾਰਾ ਕੁਝ ਤਾਂ ਰੱਬ ਦੀ ਹੋਂਦ ਮੰਨਣ ਦਾਂ ਹੀ ਇਕਰਾਰ ਹੈ ।

ਆਵਾਰਾ—ਸ਼ਾਇਦ ਤੂੰ ਕੁਝ ਕੁਝ ਠੀਕ ਹੀ ਕਹਿੰਦਾ ਏਂ । ਇਸ ਰੱਬ-ਗ੍ਰਸੇ ਸਮਾਜ ਵਿਚ ਗੱਲ ਕਰਨ ਕਰਨ ਵਿਚ ਈ ਰੱਬ ਦੀ ਹੋਂਦ ਦਾ ਇਕਬਾਰ ਹੋ ਜਾਂਦੈ । ਇਕ ਗੱਲ ਬੜੀ ਹੈਰਾਨੀ ਦੀ ਏ, ਕਿ ਤੂੰ ਮੇਰੀਆਂ ਕਾਫ਼ੀ ਕਵਿਤਾਵਾਂ ਚੋਤੇ ਰਖੀਆਂ ਹੋਈਆਂ । ਕਮਾਲ ਏ ! ਬੂਰੇ ਦੇ ਘਰ ਤਕ ਜਾਣ ਵਾਲੀ ਗੱਲ ਹੈ ।

ਮੈਂ ''ਆਵਾਰਾ'' ਦੀਆਂ ਅੱਖਾਂ ਵਿਚ ਝਾਕਿਆ । ਉਹ ਮੁਸਕਰਾਇਆ । ਫੇਰ ਕਹਿਣ ਲੱਗਾ—''ਸ਼ਾਇਰੀ ਦੇ ਪਹਿਲੇ ਦਿਨਾਂ ਵਿਚ ਏਨੀ ਦ੍ਰਿੜ੍ਹਤਾ ਤੇ ਜ਼ੁੰਮੇਦਾਰੀ ਨਹੀਂ ਸੀ ਹੁੰਦੀ, ਜਿੰਨੀ ਹੁਣ ਏਂ । ਦਲੀਲ ਬਹੁਤ ਪਰਬਲ ਹੁੰਦੀ ਜਾ ਰਹੀ ਏ—ਇਕ ਸੰਸਾਰ ਸਿਰਜ ਲਿਆ ਹੈ ਲੋਕਾਂ ਨੇ—ਨਿਕਲਣ ਦਾ ਕੋਈ ਰਾਹ ਨਹੀਂ ! ਨਾ ਜਾਏ ਰਫ਼ਤਨ, ਨਾ ਪਾਏ ਮਾਂਦਨ ! ਕਮਾਲ ਹੈ !''

ਅੱਜ ''ਆਵਾਰਾ'' ਨਾਲ ਉਸ ਦੀ ਕਵਿਤਾ, ਬਾਰੇ ਵਿਚਾਰ ਸਾਂਝੇ ਕਰਨ ਦਾ ਦਿਲ ਸੀ । ਅਸੀਂ ਲਾਲ ਕਿਲ੍ਹੇ ਦੀ ਗਰਾਊਂਡ ਦੇ ਘਾਹ ਉਤੇ ਬੈਠੇ ਸਿਆਲ ਦੀ ਧੁੱਪ ਸੇਕ ਰਹੇ ਸੀ । ਉਹ ਕੋਟ ਉਤਾਰ ਕੇ ਘਾਹ ਉਤੇ ਲੇਟ ਗਿਆ ।

ਮੈਂ ਪੁੱਛਿਆ—''ਕੀ ਤੇਰੀ ਬਗਾਵਤ ਦਾ ਕਾਰਣ ਕੋਈ ਜ਼ਾਤੀ ਸੀ ? ਕੀ ਤੇਰੇ ਕਿਸੇ ਬਾਲ ਦੀ ਮ੍ਰਿਤੂ ਹੋ ਗਈ ਸੀ ? ਤਦ ਹੀ ਇਹ ਰੋਹ ਭਰੇ ਸ਼ਿਅਰ ਹੋਂਦ ਵਿਚ ਆਏ ?

ਆਵਾਰਾ—''ਆਰੰਭ ਵਿਚ ਵਾਰਦਾਤ-ਇ ਕਲਬੀ (ਨਿੱਜੀ ਅਨੁਭਵ) ਤੋਂ ਹੀ ਸ਼ਾਇਰ ਆਮ ਤੌਰ ਤੇ ਪ੍ਰੇਰਨਾ ਲੈਂਦਾ ਹ । ਪਰ ਜਦੋਂ ਉਸ ਨੂੰ ਸ਼ਿਅਰ ਕਹਿਣ ਦੀ ਜਾਚ ਆ ਜਾਂਦੀ ਹੈ, ਤੇ ਉਹ ਇਸ ਹੁਨਰ ਵਿਚ ਪਰਬੀਨ ਹੋ ਜਾਂਦਾ ਹੈ, ਤਦ ਉਹ ਸਮਾਜ ਅਤੇ ਦੂਜੇ ਵਿਅਕਤੀਆਂ ਦੇ ਦੁੱਖ ਸੁੱਖ ਨੂੰ ਵੀ ਨਿੱਜੀ ਅਨੁਭਵ ਵਾਂਗ ਪੇਸ਼ ਕਰ ਸਕਦਾ ਹੈ । ਮੇਰੀ ਬਗ਼ਾਵਤ ਵਿਚ ਮੇਰੇ ਬੱਚੇ ਦੀ ਮੌਤ ਦੇ ਰੰਜ ਦੀ ਗੱਲ ਵੀ ਸੀ, ਤੇ ਹੋਰ ਅਨੇਕ ਉਕਸਾਊ ਹਾਲਾਤ ਵੀ । ਅਸਲ ਵਿਚ ਇਹ ਉਸ ਸਮੇਂ ਦੀ ਮੰਗ ਸੀ । ਸਮਾਂ ਇਸ ਦੀ ਪਿਆਸ ਵਿਚ ਬਿਹਬਲ ਸੀ । ਉਸ ਨੇ ਇਸ ਪੀੜ ਦਾ ਗੀਤ ਗਾਉਣ ਲਈ ਮੇਰੇ ਸਿਰ ਉਪਰ ਤਾਜ ਰੱਖ ਦਿੱਤਾ—ਤੇ ਕਿਹਾ—ਜਾਹ ਤੂੰ ਹੀ ਸੂਲੀ ਉਤੇ ਚੜ੍ਹ !''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

?''ਆਵਾਰਾ, ਤੇਰੀ ਇਕ ਕਵਿਤਾ ਹੈ, ਉਸ ਦਾ ਇਹ ਹਿੱਸਾ ਸੁਣ :—

ਪਹਿਲਾ ਜੀਵਨ—ਫਲ ਮੇਰਾ
ਬਣ ਹੈਂਸਿਆਰਾ ਲੈ ਗਿਉਂ
ਦੂਜਾ ਅਣ-ਪਕਿਆ ਈ ਸੀ
ਉਹ ਵੀ ਦੁਬਾਰਾ ਲੈ ਗਿਉਂ
ਫਿਰ ਵੀ ਨਾ ਰੱਜਿਓਂ, ਤੇ—
''ਭੂਪਿੰਦਰ ''ਪਿਆਰਾ ਲੈ ਗਿਉਂ
ਆਹ ! ਮੇਰੇ ਆਕਾਸ਼ ਦਾ
ਇਕੋ ਸਿਤਾਰਾ, ਲੈ ਗਿਉਂ

ਪਹਿਲੀਆਂ ਸਤਰਾਂ ਤੋਂ ਜਾਪਦਾ ਹੈ ਕਿ ਤੇਰਾ ਬੱਚਾ ''ਭੂਪਿੰਦਰ'' ਤੀਸਰਾ ਬੱਚਾ ਸੀ। ਪਰ ਅੰਤਲੀ ਸਤਰ ਤੋਂ ਪਤਾ ਲੱਗਦਾ ਹੈ ਕਿ ''ਇਕੋ ਸਿਤਾਰਾ'' ਭੂਪਿੰਦਰ ਸੀ। ਇਨ੍ਹਾਂ ਸਵੈ-ਵਿਰੋਧੀ ਸਤਰਾਂ ਨਾਲ ਤੇਰੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਾਲੇ ਨੂੰ ਭੁਲੇਖਾ ਪੈਂਦਾ ਹੈ।

ਆਵਾਰਾ—''ਤਾਰਾ ਸਿੰਘ, ਤੂੰ ਕਿਤੇ ਫ਼ੈਮਲੀ ਪਲਾਨਿੰਗ ਦੇ ਮਹਿਕਮੇ ਦਾ ਇਨਸਪੈਕਟਰ ਤਾਂ ਨਹੀਂ ? ਅੱਜ ਕਲ੍ਹ ਨਸਬੰਦੀ ਦਾ ਦੌਰ ਹੈ। ਕਿਤੇ ਮੈਨੂੰ ਈਂ ਲੰਡਾ ਨਾ ਕਰਾ ਦੇਵੀਂ !''

?—''ਪਰ ਇਹ ਸਤਰ—''ਦੂਜਾ ਅਣ-ਪਕਿਆਈ ਸੀ''—ਬੜੀ ਭਾਵ-ਪੂਰਤ ਹੈ। ਉਂਜ ਇਸ ਦਾ ਛੰਦ ਚੂੰਕਿ ''ਦਨਾਦਨ'' ਵਾਲਾ ਹੈ, ਇਸ ਲਈ ਅਸ਼ਲੀਲ ਨਹੀਂ ਜਾਪਦੀ। ਪਰ ਇਕ ਗੱਲ ਦਾ ਪ੍ਰਭਾਵ ਤੇਰੀ ਕਵਿਤਾ ਪੜ੍ਹ ਕੇ ਪੈਂਦਾ ਹੈ, ਤੇ ਮੈਨੂੰ ਆਪਣੇ ਪਿੰਡ ਦੀ ਦਾਨੋ ਕੀਕਣ ਤੇ ਉਹਦੀ ਸੌਂਤ ਚੇਤੇ ਆ ਜਾਂਦੀਆਂ ਹਨ। ਉਹ ਲੜਦੀਆਂ, ਤੇ ਗਾਲ੍ਹਾਂ ਆਪਣੇ ਖਸਮ ਜਾਮੂ ਨੂੰ ਕੱਢਦੀਆਂ। ਤੂੰ ਵੀ ਭਾਈਆਂ ਪੰਡਤਾਂ, ਤੇ ਮੁਲਾਣਿਆਂ ਨਾਲ ਲੜਦਾ ਹੋਇਆ ਰੱਬ ਨਾਲ ਮਿਹਣ-ਕੁਮਿਹਣੀ ਹੁੰਦਾ ਏਂ।''

ਆਵਾਰਾ—''ਇਹ ਸਾਲੇ ਉਹਦਾ ਆਸਰਾ ਜੁ ਲੈਂਦੇ ਹੋਏ।''

?—''ਇਹਦੇ ਵਿਚ ਰੱਬ ਦਾ ਕੀ ਕਸੂਰ ?''

''ਆਵਾਰਾ—''ਹਾਂ ! ਕਸੂਰ ਤਾਂ ਕੋਈ ਨਹੀਂ।''

?—''ਇਸ ਨਾਲ ਤੇਰੀ ਰਚਨਾ ਦਾ ਸਤਰ ਨੀਵਾਂ ਹੋ ਜਾਂਦੈ। ਉਸ ਵਿਚ ਉਹ ਚਿਣਗ, ਉਹ ਸੇਕ, ਤੇ ਉਹ ਦਿਲ ਵਿਨ੍ਹਣ ਵਾਲੀ ਟੀਸ ਨਹੀਂ ਰਹਿੰਦੀ।''

ਆਵਾਰਾ—''ਤੂੰ ਨਹੀਂ ਜਾਣਦਾ। ਮੇਰਾ ਜ਼ਮਾਨਾ ਹੋਰ ਸੀ। ਮੈਂ ਪਾਠੀਆਂ ਦੀ ਕੈਦ ਵਿਚ ਜਨਮ ਲਿਆ ਸੀ। ਜਿਹਲਮ (ਪਾਕਿਸਤਾਨ) ਦੇ ਪਿੰਡ ਕਾਲਾ ਗੁਜਰਾਂ ਵਿਚ ਮੇਰੇ ਮਾਂ-ਪਿਓ ਨੇ ਪਾਠ ਕਰਾ ਕਰਾ ਕੇ ਮੇਰੀ ਆਤਮਾ ਪੀੜ ਦਿਤੀ ਸੀ। ਤੇ ਗੁੱਜਰਾਂਵਾਲੇ ਦੇ ਖਾਲਸਾ ਹਾਈ ਸਕੂਲ ਵਿਚ ਮੇਰੀ ਆਤਮਾ ਨੂੰ ਗੁਲਾਮੀ ਦੇ ਜੂਲੇ ਵਿਚ ਜੋਤ ਕੇ ਪਾਖੰਡ ਦੀ ਲੀਹੇ ਤੌਰ ਲਿਆ ਸੀ। ਫੇਰ ਇਕ ਕਿਤਾਬ ਲਿਖਣ ਦੇ ਦੋਸ਼ ਵਿਚ ਮੈਨੂੰ ਅੰਗਰੇਜ਼ੀ ਸਰਕਾਰ ਨੇ ਫੜ ਲਿਆ। ਮੈਂ ਬੜੇ ਧੱਕੇ ਖਾਧੇ। ਮੇਰੀ ਆਤਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲੂੰਧਰੀ ਗਈ । ਅੱਜ ਵੀ ਮੇਰੇ ਛਿਲਕੇ ਹੋਏ ਮਾਸ ਅੰਦਰ ਨਾੜੀਆਂ ਫੁੱਲ ਜਾਂਦੀਆ ਨੇ ਗੁੱਸੇ ਨਾਲ ! ਤੂੰ ਜਾਣਦੈਂ, ਜੇ ਇਸ ਗੁੱਸੇ ਨਾਲ ਲਾਲ ਹੋਏ ਮੂੰਹ ਦੀਆਂ "ਭੱਪੀਆਂ" ਲੈਣ ਵਾਲਾ ਵੀ ਕੋਈ ਹੋਵੇ, ਤਾਂ ਆਦਮੀ ਸੂਰ ਵਾਂਗ ਸਿੱਧਾ ਈ ਵਗਿਆ ਜਾਂਦੈ ।"

?—"ਜੇ ਤੂੰ ਇਹਨੂੰ ਵੀ ਰੱਬ ਦਾ ਈ ਕਸੂਰ ਮਨਦੈਂ, ਤਾਂ ਫੇਰ ਤੂੰ ਰੱਬ ਨੂੰ ਵੀ ਮਨਦੈਂ !"

ਆਵਾਰਾ—"ਰੱਬ ਦੀ ਜੋ ਹਾਲਤ ਇਨ੍ਹਾਂ ਨੇ ਕੀਤੀ ਹੋਈ ਏ—ਸਰਵ ਸ਼ਕਤੀਮਾਨ ਰੱਬ ਦੀ—ਉਸ ਨੂੰ ਦੇਖ ਕੇ ਮੈਨੂੰ ਰੱਬ ਉਤੇ ਵੀ ਗੁੱਸਾ ਆਉਂਦੈ !—

ਭਾਈ ਨੇ ਡਾਂਗ ਉਲਾਰੀ ਹੈ, ਪੰਡਤ ਨੇ ਸੋਟਾ ਫੜਿਆ ਹੈ ।
ਰੱਬ ਆਪਣੀ ਪੱਗ ਬਚਾਵਣ ਲਈ ਮੈਖ਼ਾਨੇ ਵਿਚ ਆ ਵੜਿਆ ਹੈ !"

?—"ਜੇ ਰੱਬ ਦੀ ਹੋਂਦ ਸਮਾਪਤ ਹੋ ਜਾਏ, ਤਦ ਤੇਰੀ ਕਵਿਤਾ ਦਾ ਕੀ ਰੋਲ ਰਹੇਗਾ ?"

ਆਵਾਰਾ—"ਫੇਰ "ਰੋਲ" ਨਹੀਂ, ਸਿਰਫ਼ "ਕਰੀਮ ਰੋਲ" ਰਹਿ ਜਾਵੇਗਾ ।"

?—"ਤੂੰ ਸੰਜੀਦਗੀ ਨਾਲ ਗੱਲਬਾਤ ਨਹੀਂ ਕਰ ਰਿਹਾ !"

ਆਵਾਰਾ—"ਤੂੰ ਮੈਨੂੰ ਨੰਗਾ ਕਰੀ ਜਾਨੈਂ । ਮੈਂ ਹੱਸੀ ਜਾਨਾਂ ।"

ਆਵਾਰਾ ਦਾ ਨਾਂ ਭਾਈ ਵੀਰ ਸਿੰਘ ਦੇ ਸਮੇਂ ਵਿਚ ਹੀ ਉਂਗਲਾਂ ਉਤੇ ਗਿਣੇ ਜਾਣ ਵਾਲੇ ਪੰਜਾਬੀ ਕਵੀਆਂ ਵਿਚ ਸੀ । ਜਿਥੇ ਭਾਈ ਵੀਰ ਸਿੰਘ ਛੋਟੀਆਂ, ਅਤੇ ਰਹੱਸਵਾਦੀ ਧਾਰਮਿਕ ਕਵਿਤਾਵਾਂ ਹਲਕੇ ਹਲਕੇ ਸੁਰ ਵਿਚ ਲਿਖ ਰਿਹਾ ਸੀ, ਉਥੇ ਦਰਸ਼ਨ ਸਿੰਘ ਆਵਾਰਾ ਧਾਰਮਿਕ ਪਾਖੰਡੀਆਂ ਵਿਰੁਧ ਮੰਬਰ ਉਤੇ ਚੜ੍ਹ ਕੇ ਉਨ੍ਹਾਂ ਦੇ ਜਾਮੇ ਤਾਰ ਤਾਰ ਕਰ ਰਿਹਾ ਸੀ--ਲੋਕਾਂ ਵਿਚ ਪਰਚਾਰੇ ਜਾ ਰਹੇ ਗ਼ਲਤ ਧਾਰਮਿਕ ਸੰਕਲਪ ਨੂੰ ਸੂਝ ਸਿਆਣਪ ਦੇ ਚਾਨਣ ਵਿਚ ਦੇਖਣ ਪਰਖਣ ਦਾ ਹੋਕਾ ਦੇ ਰਿਹਾ ਸੀ । ਉਸ ਨੇ ਧਰਮ ਦੇ ਵਿਰੁੱਧ ਨਹੀਂ, ਗਲਤ ਧਾਰਮਿਕਤਾ ਦੇ ਵਿਰੁੱਧ ਜਹਾਦ ਕੀਤਾ । ਉਸ ਦੀ ਨਜ਼ਰ ਵਿਚ ਧਰਮ ਦਾ ਪਾਖੰਡ ਰਚਾਉਣ ਵਾਲੇ ਲੋਕ ਦੇਸ਼ ਦੀ ਗੁਲਾਮੀ ਦਾ ਕਾਰਨ ਸਨ । ਜਿਨ੍ਹਾਂ ਨੇ ਕਾਮੇ ਹੱਥਾਂ ਨੂੰ ਆਹਰੇ ਲਾਉਣ ਲਈ, ਤਿੱਖੇ, ਨੋਕੀਲੇ ਅਤੇ ਸਿਰਜਨਾਤਮਿਕ ਔਜ਼ਾਰਾਂ ਦੀ ਥਾਂ ਮਾਲਾ, ਅਤੇ ਤਸਬੀਆਂ ਫੜਾ ਛਡੀਆਂ ਸਨ । ਵਿਦੇਸ਼ੀ ਜਾਬਰਾਂ ਦੇ ਸਾਹਮਣੇ ਧੌਣ ਉਠਾ ਕੇ ਤੁਰਨ ਦੀ ਥਾਂ, ਸਿਰ ਝੁਕਾ ਕੇ ਚਲਣ ਦੀ ਰੀਤ ਪਰਚਾਰੀ ਸੀ ।

ਦਰਸ਼ਨ ਸਿੰਘ ਆਵਾਰਾ ਦੀਆਂ ਉਸ ਸਮੇਂ ਦੀਆਂ ਕਵਿਤਾਵਾਂ ਵਿਚ ਨਿਰੋਲ ਪਿਆਰ, ਜਾਂ ਤੀਵੀਂ ਮਰਦ ਦੇ ਪਿਆਰ ਦਾ ਜ਼ਿਕਰ ਲਭਗਭ ਅਲੋਪ ਹੈ । ਉਸ ਨੇ ਆਪਣੀ ਕਵਿਤਾ ਵਾਸਤੇ ਧਾਰਨਾਵਾਂ ਤੇ ਛੰਦ ਹੀ ਅਜਿਹੇ ਚੁਣੇ, ਅਤੇ ਭਾਸ਼ਾਂ ਦਾ ਪੈਟਰਨ ਹੀ ਅਜਿਹਾ ਅਪਨਾਇਆ, ਜਿਸ ਵਿਚ ਪਿਆਰ ਜਿਹੇ ਕੋਮਲ ਤੇ ਹਲਕੀ ਸੁਰ ਵਾਲੇ ਜਜ਼ਬੇ ਨੂੰ ਸਮੋ ਸਕਣਾ ਕਠਿਨ ਸੀ । ਫੇਰ ਵੀ ਉਹ ਇਸ ਮਨੁੱਖੀ ਜਜ਼ਬੇ ਨੂੰ ਦਬਾ ਨਹੀਂ ਸਕਿਆ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਤੂੰ ਆ ਮਿਲਿਆ ਏਂ, ਜ ਤੋਂ ਪਿਆਰਾਂ ਦੀ ਡਾਢੀ ਥੋੜ ਸੀ !
ਆ ਤੇਰੇ ਪੈਰਾਂ ਦਾ ਗਰਦਾ ਨਾਲ ਹੰਝੂਆਂ ਧੋ ਦਿਆਂ ।
ਤੈਨੂੰ ਅੱਖੀਆਂ ਵਿਚ ਬਿਠਾ ਛੱਪਰਾਂ ਦੇ ਬੂਹੇ ਢੋ ਦਿਆਂ ।
ਆਪਣੇ ਦਾਮਨ ਵਿਚ ਤੇਰੇ ਮੁੜ੍ਹਕੇ ਦੇ ਕਤਰੇ ਧਰ ਲਵਾਂ ।
ਦਿਲ 'ਚੋਂ ਕੱਢ ਦੁਨੀਆ ਦੇ ਸ਼ਿਕਵੇ, ਪਿਆਰ ਤੇਰਾ ਭਰ ਲਵਾਂ ।

ਮੈਂ "ਆਵਾਰਾ" ਨੂੰ ਪੁੱਛਿਆ—"ਤੇਰੀਆਂ ਸਾਰੀਆਂ ਕਵਿਤਾਵਾਂ ਦਾ ਛੰਦ, ਤੇ ਚਾਲ ਇਕੋ ਈ ਏ-ਏਕ ਰਹਾਓ ! ਛੰਦ ਦੀ ਵਲਿਖੱਣਤਾ ਤੇ ਵਰਾਇਟੀ ਨਹੀਂ !"

"ਹਾਂ ! ਮੈਂ ਪਹਿਲਾਂ ਪਹਿਲਾਂ ਤਾਂ ਇਸ ਵਲੋਂ ਸੁਚੇਤ ਨਹੀਂ ਸੀ । ਫੇਰ ਮੈਂ ਰੁਬਾਈਆਂ, ਗ਼ਜ਼ਲਾਂ, ਤੇ ਕੁਝ ਕੁ ਗੀਤ ਵੀ ਲਿਖੇ । ਜਿਨ੍ਹਾਂ ਦੇ ਛੰਦਾਂ ਵਿਚ ਵਰਾਇਟੀ ਹੈ । ਗ਼ਜ਼ਲਾਂ ਵਿਚ ਵੀ ਤੋਲ-ਤੁਕਾਂਤ ਦਾ ਖਿਆਲ ਰਖਣ ਦਾ ਜਤਨ ਕੀਤਾ ਹੈ ।

?—"ਆਵਾਰਾ, ਕੀ ਕਾਰਨ ਹੈ, ਕਿ ਪੰਜਾਬੀ ਗ਼ਜ਼ਲ ਵਿਚ ਖ਼ਿਆਲ ਦੀ ਉਹ ਵਿਸ਼ਾਲਤਾ, ਅਨੁਭਵ ਦੀ ਉਹ ਸੁਅੱਛਤਾ, ਅਤੇ ਬਿਆਨ ਦੀ ਉਹ ਸ਼ਿੱਦਤ ਪੈਦਾ ਨਹੀਂ ਹੁੰਦੀ, ਜੋ ਉਰਦੂ ਸਾਹਿਤ ਵਿਚ ਮਿਲਦੀ ਹੈ ? ਮਿਸਾਲ ਵਜੋਂ ਗ਼ਾਲਿਬ ਦਾ ਸ਼ਿਅਰ ਹੈ :

ਬ-ਰੰਗ-ਇ ਕਾਗਜ਼-ਇ ਆਤਿਸ਼ ਜ਼ਦਹ ਨੈਰੰਗ-ਇ ਬੇਤਾਬੀ,
ਹਜ਼ਾਰ ਆਈਨਾ ਦਿਲ ਬਾਂਧੇ ਹੈ ਬਾਲ-ਇ ਯਕ ਤਪੀਦਨ ਪਰ !
ਜਾਂ ਇਕਬਾਲ ਦਾ ਸ਼ਿਅਰ ਹੈ :
ਮੈਂ ਖਟਕਤਾ ਹੂੰ ਦਿਲ-ਇ ਯਜ਼ਦਾਂ ਮੇਂ ਕਾਂਟੇ ਕੀ ਤਰਹਿ
ਤੂ ਫ਼ਕਤ ਅੱਲਾਹ ਹੂ ਅੱਲਾਹ ਹੂ, ਅੱਲਾਹ ਹੂ !

ਜਾਂ ਫ਼ਿਰਾਕ ਦਾ ਸ਼ਿਅਰ ਹੈ :

ਫ਼ਜ਼ਾ ਤਬੱਸਮ-ਇ ਸੁਬਹ-ਇ ਬਹਾਰ ਥੀ ਲੇਕਿਨ,
ਪਹੁੰਚ ਕੇ ਮੰਜ਼ਲ-ਇ ਜਾਨਾਂ ਪੈ ਆਂਖ ਭਰ ਆਈ ।

ਆਵਾਰਾ—"ਉਰਦੂ ਕੋਲ ਅਰਬੀ ਫ਼ਾਰਸੀ ਦੀ ਸ਼ਬਦਾਵਲੀ, ਤੇ ਖ਼ਿਆਲ ਦੀ ਵੁਸਅਤ (ਵਿਸ਼ਾਲਤਾ) ਦਾ ਤੇ ਅਜ਼ਾਫ਼ਤ ਦਾ ਅਮੀਰ ਖ਼ਜ਼ਾਨਾ ਹੈ । ਪੰਜਾਬੀ ਕਵਿਤਾ ਗੁਰੂ ਨਾਨਕ ਦੇਵ ਤੋਂ ਬਾਅਦ ਵਿਚਾਰ ਦਾ ਸਾਧਨ ਨਾ ਹੋ ਕੇ ਗ਼ੈਰ-ਸੰਜੀਦਾ ਲੋਕਾਂ ਦੇ ਹਾਸੇ ਮਖ਼ੌਲ ਦਾ ਜ਼ਰੀਆ ਬਣੀ ਰਹੀ । ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਇਸ ਵਿਚ ਮੁੜ ਕੇ ਵਿਚਾਰ ਪੇਸ਼ ਕਰਨ ਦੀਆਂ ਸੰਭਾਵਨਾਵਾਂ ਨੂੰ ਲੱਭਿਆ, ਤੇ ਵਰਤਿਆ ਜਾਣ ਲਗਾ ਹੈ । ਮਾਫ਼ ਕਰਨਾ, ਪਿੰਡ ਵਜਿਆ ਨਹੀਂ ਸੀ, ਉਚੱਕੇ ਪਹਿਲਾਂ ਆ ਗਏ । ਜਿਹੜੇ ਲੋਕ ਪੰਜਾਬੀ ਗ਼ਜ਼ਲ ਮਗਰ ਤੱਕੜੀ ਦਸੇਰਾ ਚੁਕੀ ਫਿਰਦੇ ਹਨ, ਉਨ੍ਹਾਂ ਨੇ ਇਸ ਨੂੰ ਵਿਚਾਰ ਵਲੋਂ ਸੰਗੋੜਨ ਦੇ ਕਾਫ਼ੀ ਜਤਨ ਕੀਤੇ ਹਨ । ਇਨ੍ਹਾਂ ਹੱਟ-ਬਾਣੀਆਂ ਦੀਆਂ ਆਪਣੀਆਂ ਤੁਕ-ਬੰਦੀਆਂ, ਜਿਨ੍ਹਾਂ ਨੂੰ ਇਹ 'ਗਜ਼ਲਾਂ" ਵੀ ਕਹਿੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ, ਕੇਵਲ ਤੋਲ-ਤੁਕਾਂਤ ਹੀ ਹਨ—ਸਾਹਿਤ ਉਤੇ ਵਾਧੂ ਦਾ ਭਾਰ ! ਇਸੇ ਲਈ ਇਨ੍ਹਾਂ ਦਾ ਕੋਈ ਸ਼ਿਅਰ ਵੀ ਕਿਸੇ ਦੀ ਹਿੱਕ ਵਿਚ ਧੜਕਦਾ ਨਹੀਂ ! ਇਕ ਤਾਂ ਪੰਜਾਬੀ ਭਾਸ਼ਾ ਦੀਆਂ ਮਜਬੂਰੀਆਂ, ਦੂਜਾ ਇਨ੍ਹਾਂ ਦਾ ਸ਼ਕੰਜਾ ! ਮੈਂ ਵੀ ਗ਼ਜ਼ਲਾਂ ਲਿਖੀਆਂ ਹਨ, ਤੇ ਕਮ-ਅਜ਼-ਕਮ ਇਨ੍ਹਾਂ ਨਾਲੋਂ ਹਟ ਕੇ ਲਿਖੀਆਂ ਹਨ। ਪਰ ਇਹ ਸਹੀ ਹੈ ਕਿ ਪੰਜਾਬੀ ਗ਼ਜ਼ਲ ਉਰਦੂ ਫ਼ਾਰਸੀ ਦੀ ਹਮ-ਪੱਲਾ ਤਾਂ ਕੀ, ਨੇੜੇ ਨੇੜੇ ਵੀ ਨਹੀਂ ਪੁੱਜਦੀ। ਮੁੱਲਾਂ ਬਾਰੇ :

''ਉਠ ਮਨਾ ! ਚੱਲ, ਨੱਸ ਚਲ ਏਥੋਂ :—

ਕੱਛ ਵਿਚ ਮਾਰ ਮੁਸੱਲਾ
ਇਸ ਮਸਜਿਦ ਦਾ ਮਾਲਕ ਹੈ ਈ
ਮੁੱਲਾਂ ਇਕ ਇਕੱਲਾ !
ਅੱਲਾ, ਮੁੱਲਾਂ ਇਕੋ ਥਾਵੇਂ ?
ਇਹ ਗੱਲ ਹੈ ਅਨਹੋਣੀ
ਜਿਥੋਂ ਮੁਸ਼ਕ ਮੁੱਲਾਂ ਦੀ ਆਵੇ
ਉਥੋਂ ਨੱਸ ਜਾਏ ਅੱਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੰਜਾ ਫ਼ਰਿਸ਼ਤਾ

ਮੈਂ ਵਿਰਕ ਨੂੰ ਪੁੱਛਿਆ—"ਤੂੰ ਅੱਜ ਕਲ੍ਹ ਕੀ ਲਿਖਿਐ ?"

"ਕਹਾਣੀਆਂ—ਦੋ ।" ਉਸ ਦੱਸਿਆ ।

"ਉਹਨਾਂ ਵਿਚੋਂ ਕਿਸੇ ਇਕ ਦਾ ਥੀਮ ਦੱਸ ?" ਮੈਂ ਬਿਲਕੁਲ ਇਉਂ ਪੁੱਛਿਆ, ਜਿਵੇਂ ਦੁਕਾਨ ਤੋਂ ਟੀਂਡਿਆਂ ਦਾ ਭਾਅ ਪੁੱਛੀਦਾ ਹੈ ।

ਉਹ ਗੰਭੀਰ ਰਿਹਾ । ਉਸ ਦੇ ਤਾਲੂ ਤਕ ਗੰਜੇ ਮੱਥੇ ਉਪਰ ਪਰਛਾਵੇਂ ਦਿੱਸਣ ਲੱਗੇ । ਉਹ ਨਿੱਕਾ ਜਿਹਾਂ ਮੁਸਕਰਾ ਕੇ ਬੋਲਿਆ—"ਥੀਮ ਕੀ, ਭਈ ਜੇ ਕੋਈ ਬੰਦਾ ਵਲੈਤ ਹੋ ਆਵੇ ਤੇ ਜੇ ਉਹਦੀ ਭੈਣ ਨਾਲ ਕੋਈ ਇਸ਼ਕ ਕਰ ਜਾਵੇ, ਤਾਂ ਉਹ ਬੁਰਾ ਨਹੀਂ ਮਨਾਉਂਦਾ ।"

ਫਿਕਰਾ ਮੁੱਕਣ ਤੇ ਉਹ ਖੁਲ੍ਹ ਕੇ ਹੱਸਿਆ । ਉਹਦੀਆਂ ਗਲ੍ਹਾਂ ਉਪਰ ਬਹੁਤੀ ਚਰਬੀ ਨਹੀਂ ਸੀ, ਤਾਂ ਵੀ ਹੱਸਦੇ ਸਮੇਂ ਉਹਦੀਆਂ ਖਾਖਾਂ ਅੱਖਾਂ ਉਪਰ ਚੜ੍ਹ ਜਾਂਦੀਆਂ ਸਨ ।

ਉਹਦੇ ਦੋ ਵਾਕਾਂ ਵਿਚ ਥੀਮ ਵੀ ਸੀ । ਪਲਾਟ ਵੀ । ਸਾਡੇ ਸਮਾਜਕ ਸੰਬੰਧਾਂ ਦੀ ਬੁਨਿਆਦ ਵਿਚ ਜੋ ਤਬਦੀਲੀ ਆ ਰਹੀ ਹੈ, ਉਹਦਾ ਚਿਤਰਨ ਵੀ ।

ਕਈ ਲੇਖਕਾਂ ਦੀਆਂ ਰਚਨਾਵਾਂ ਪੜ੍ਹੀਏ ਤਾਂ ਜਾਪਦਾ ਹੈ ਕਿ ਲੇਖਕ ਕਿਰਦਾਰ ਦੇ ਜਜ਼ਬਿਆਂ, ਦੁੱਖਾਂ ਵਹਿਮਾਂ ਤੇ ਖੁਸ਼ੀਆਂ ਵਿਚ ਆਪਣੇ ਵਹਿਮ, ਗ਼ਮ ਤੇ ਖੁਸ਼ੀਆਂ ਰਲਾਈ ਜਾਂਦੇ ਹਨ ।

ਵਿਰਕ ਕੇਵਲ ਗ਼ੈਰ ਜਜ਼ਬਾਤੀ ਬਿਆਨ ਕਰਦਾ ਸੀ । ਉਸ ਵਿਚ ਆਪਣੀਆਂ ਪਸੰਦਾਂ ਨਾ ਪਸੰਦਾਂ ਦਾ ਮਿਸ਼ਰਣ ਨਹੀਂ ਸੀ । ਕਹਾਣੀ ਦੇ ਅੰਤ ਉਤੇ ਪੂਰੀ ਗੱਲ ਦੇ ਅੰਦਰ ਬਾਰੀਕ ਜਜ਼ਬਿਆਂ ਦਾ ਇਕ ਧਾਗਾ ਪ੍ਰਤੀਤ ਹੁੰਦਾ ਸੀ ।

... ...

ਲੇਖਕ ਬੀਬੀਆਂ ਵਿਰਕ ਦੇ ਨੇੜੇ ਆਸਾਨੀ ਨਾਲ ਲੱਗ ਜਾਂਦੀਆਂ । ਪਰ ਲੇਖਕ ਮਰਦਾਂ ਨੂੰ ਕਾਫ਼ੀ ਕਠਨਾਈ ਹੁੰਦੀ ਸੀ । ਉਹ ਕਹਿੰਦਾ—"ਜਿਹੜੇ ਲੋਕ ਬੀਬੀਆਂ ਕੋਲੋਂ ਸੂਝ ਦੀ ਆਸ ਰੱਖਦੇ ਹਨ, ਉਹ ਮੂਰਖ ਹਨ । ਜ਼ਨਾਨੀ ਉਹ ਸਮਝਦਾਰ ਤੇ ਇੰਟਲੈਕਚੂਅਲ ਹੈ, ਜਿਸ ਨੂੰ ਜ਼ਨਾਨੀ ਹੋਣਾ ਆਉਂਦਾ ਹੈ ।"

ਵਿਰਕ ਬਾਰੇ ਮਸ਼ਹੂਰ ਸੀ ਕਿ ਉਹ ਲੇਖਕ ਬੀਬੀਆਂ ਵਿਚ ਬੜੀ ਰਸਕ ਰੁਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਖਣ ਵਾਲਾ ਹੈ। ਜਦੋਂ ਇਕ ਪੰਜਾਬੀ ਲੇਖਕਾ ਦੀ ਗੱਲ ਤੁਰੀ, ਤਾਂ ਉਸ ਨੇ ਝੁਣਝੁਣੀ ਲੈਂਦਿਆਂ ਕਿਹਾ—"ਉਹ ਤਾਂ ਬੜੀ ਭੈੜੀ ਲੱਗਦੀ ਆ।"

ਜਿਨ੍ਹਾਂ ਦਿਨਾਂ ਵਿਚ ਕੁਲਵੰਤ ਸਿੰਘ ਵਿਰਕ ਦਿੱਲੀ ਕਨਾਟ ਪਲੇਸ ਵਿਚ ਸਰਕਾਰੀ ਇਨਫ਼ਾਰਮੇਸ਼ਨ ਸੈਂਟਰ ਦਾ ਆਫ਼ੀਸਰ ਇਨਚਾਰਜ ਸੀ, ਅਸੀਂ ਰੋਜ਼ ਇਸ ਦੀ ਲਾਇਬਰੇਰੀ ਵਿਚ ਮਿਲਦੇ। ਉਹਨੇ ਇਕ ਦਿਨ ਪੁੱਛਿਆ, "ਤੂੰ ਅੱਜਕਲ੍ਹ ਕੁਝ ਵੀ ਲਿਖਦਾ ਨਹੀਂ। ਕਿਉਂ ?"

ਮੈਂ ਕਿਹਾ—"ਲਿਖਣਾ ਤਸੱਲੀ ਨਾਲ ਹੁੰਦਾ ਹੈ। ਲਿਖਣ ਲਈ ਥਾਂ ਹੋਵੇ, ਇਕਾਂਤ ਹੋਵੇ। ਪਜਾਮਾ ਪਾਕੇ ਤਸੱਲੀ ਨਾਲ ਆਦਮੀ ਬੈਠੇ, ਤਾਂ ਕਿਤੇ ਲਿਖਿਆ ਜਾਂਦੇ।"

ਇਹ ਗੱਲ ਹੋ ਈ ਰਹੀ ਸੀ। ਇਨੇ ਵਿਚ ਗੁਲਜ਼ਾਰ ਸਿੰਘ ਸੰਧੂ ਆ ਗਿਆ। ਉਹਨੇ ਆਉਂਦਿਆਂ ਈ ਕਿਹਾ—

"ਸੁਣਾ ਤਾਰਾ ਸਿੰਘ, ਅੱਜ ਕਲ੍ਹ ਕੀ ਲਿਖ ਰਿਹੈਂ ?"

"ਇਹਨੇ ਅਜੇ ਨਹੀਂ ਲਿਖਣਾ ਕੁਝ ਵੀ।" ਵਿਰਕ ਪਹਿਲਾਂ ਹੀ ਬੋਲ ਪਿਆ।

"ਕਿਉਂ ?" ਗੁਲਜ਼ਾਰ ਸਿੰਘ ਨੇ ਪੁੱਛਿਆ।

ਵਿਰਕ ਖਚਰਾ ਜਿਹਾ ਹੱਸਿਆ—"ਇਹਦੇ ਕੋਲ ਪਜਾਮਾ ਹੈ ਨਹੀਂ।" ਉਸ ਦੀਆਂ ਅੱਖਾਂ ਹੱਸਦੀਆਂ ਗੱਲ੍ਹਾਂ ਵਿਚ ਧੱਸ ਗਈਆਂ, ਤੇ ਉਹ ਤਾਲੀਆਂ ਮਾਰ ਰਿਹਾ ਸੀ।

ਮੈਂ ਜਦੋਂ ਵੀ ਜਾਂਦਾ, ਉਹ ਕੁਝ ਨਾ ਕੁਝ ਪੜ੍ਹ ਰਿਹਾ ਹੁੰਦਾ। ਰੋਜ਼ਨਾਮਚੇ, ਇਤਿਹਾਸ, ਸੈਕਸ, ਪੋਲੀਟੀਕਲ ਲੋਕਾਂ ਦੀਆਂ ਜੀਵਨੀਆਂ, ਬਾਟਨੀ। ਮੈਂ ਉਸ ਨੂੰ ਇਕ ਵਾਰ ਵੀ ਕਹਾਣੀਆਂ ਦੀ ਕਿਤਾਬ ਪੜ੍ਹਦੇ ਨਹੀਂ ਦੇਖਿਆ।

ਭਾਪਾ ਪ੍ਰੀਤਮ ਸਿੰਘ ਨੇ ਵਿਰਕ ਦੀ ਕਿਤਾਬ ਛਾਪੀ—ਬੜੀ ਖ਼ੂਬਸੂਰਤ। ਮੇਰੇ ਸਾਹਮਣੇ ਉਸ ਉਤੇ ਡਸਟ ਕਵਰ ਚੜ੍ਹਾਇਆ—ਕਾਲਾ ਸਿਆਹ ! ਮੇਰੇ ਮਨ ਵਿਚ ਹੂਕ ਜਹੀ ਉਠੀ—ਵਿਰਕ ਬੀਮਾਰ ਹੈ—ਕਾਲਾ ਸਿਆਹ ਕਵਰ। ਸਾਰੀਆਂ ਕਹਾਣੀਆਂ—ਤੇ ਕਾਲਾ ਸਿਆਹ ਕਵਰ !

ਉਹਨਾਂ ਨੇ ਇਸ ਦੇ ਡਸਟ ਕਵਰ ਨੂੰ ਦਬਾ ਕੇ, ਸਿਰਿਆਂ ਤੋਂ ਬਿਠਾ ਕੇ ਪੱਕਾ ਕੀਤਾ—ਕੋਈ ਸਿਰਾ ਅਣਕੱਜਿਆ ਨਾ ਰਿਹਾ। ਜਿਵੇਂ ਕਿਸੇ ਪਿਆਰੇ ਦੀ ਮੱਯਤ ਹੋਵੇ।

ਮੈਂ ਇਹਨਾਂ ਖਿਆਲਾਂ ਨੂੰ ਛੱਡਿਆ—"ਭਾਪਾ ਜੀ, ਵਿਰਕ ਦਾ ਕੀ ਹਾਲ ਏ ?"

"ਹਾਲ ਬਹੁਤ ਮਾੜਾ ਏ। ਪਤਾ ਨਹੀਂ ਕੀ ਹੋਣਾ ਸੂ। ਰੱਬ ਈ ਏ।"

ਮੈਂ ਵਿਰਕ ਨੂੰ ਚੰਡੀਗੜ੍ਹ ਦੋ ਤਿੰਨ ਚਿੱਠੀਆਂ ਪਾ ਚੁੱਕਾ ਸਾਂ। ਕੋਈ ਉੱਤਰ ਨਾ ਆਇਆ। ਗੁਲਜ਼ਾਰ ਸਿੰਘ ਸੰਧੂ ਨੂੰ ਫ਼ੋਨ ਕੀਤੇ, ਉਹਨੇ ਵੀ ਖੁਲ੍ਹ ਕੇ ਕੁਝ ਨਾ ਦੱਸਿਆ।

ਮੈਂ ਚੰਡੀਗੜ੍ਹ ਗਿਆ।

ਚਾਰ ਦਿਨਾਂ ਤੋਂ ਮੀਂਹ ਪੈ ਰਿਹਾ ਸੀ। ਸੜਕਾਂ 'ਤੇ ਪਾਣੀ ਖੜਾ ਸੀ। ਗੁਲਜ਼ਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਤੇ ਮੈਂ ਮੁਹਾਲੀ ਵਿਚ ਕੁਲਵੰਤ ਸਿੰਘ ਵਿਰਕ ਦੇ ਘਰ ਪਹੁੰਚ ਗਏ।

ਵਿਰਕ ਦੀ ਪਤਨੀ ਨੇ ਬਾਹਰ ਆਣ ਕੇ ਦੇਖਿਆ ਤਾਂ ਕਿਹਾ—"ਗੁਲਜ਼ਾਰ ਆਇਐ।"

ਪਹਿਲੇ ਕਮਰੇ ਵਿਚ ਵਿਰਕ ਇਕ ਸੋਫ਼ਾ-ਕੁਰਸੀ ਤੇ ਬੈਠਾ ਸੀ, ਪਜਾਮਾ ਪਾਈ, ਦਾੜ੍ਹੀ ਖੁਲ੍ਹੀ ਸੀ। ਮੈਨੂੰ ਦੇਖ ਕੇ ਹੈਰਾਨੀ ਤੇ ਖ਼ੁਸ਼ੀ ਨਾਲ "ਆਂ...ਆਂ...ਆਂ" ਬੋਲਿਆ। ਸਿਰ ਹਿਲਾਇਆ। ਸ਼ਫ਼ਾਫ਼, ਪਾਣੀ ਦੇ ਬੁਲਬੁਲਿਆਂ ਜਹੀਆਂ ਅੱਖਾਂ ਚਮਕੀਆਂ।

ਮੈਂ ਉਸ ਨਾਲ ਹੱਥ ਮਿਲਾਇਆ—ਘੁੱਟਿਆ। ਉਹਨੇ ਕਾਫ਼ੀ ਦੇਰ ਮੇਰਾ ਹੱਥ ਨਹੀਂ ਛਡਿਆ। ਮੈਂ ਹੱਥ ਛੁਡਾ ਕੇ ਬੈਠਣਾ ਚਾਹਿਆ। ਉਹਨੇ ਸਿਰ ਹਿਲਾ ਕਿਹਾ—"ਆਂ... ਆਂ....ਆਂਹ।"

ਮਿਸਿਜ਼ ਵਿਰਕ ਕਹਿਣ ਲੱਗੀ—"ਹੁਣ ਬੈਠਣ ਤਾਂ ਦਿਉ ਉਹਨਾਂ ਨੂੰ।"

ਗੁਲਜ਼ਾਰ ਸਿੰਘ ਵਿਰਕ ਨਾਲ ਅੱਖਾਂ ਨਹੀਂ ਸੀ ਮਿਲਾਉਂਦਾ। ਨਾ ਖੁਲ੍ਹ ਕੇ ਗੱਲ ਕਰਦਾ ਸੀ। ਮੈਂ ਉਸ ਦੇ ਅੰਦਰਲੀ ਪੀੜਾ ਨੂੰ ਸਮਝਣ ਦਾ ਜਤਨ ਕਰ ਰਿਹਾ ਸਾਂ। ਸ਼ਾਇਦ ਉਹ ਵਿਰਕ ਦੇ ਸਾਹਮਣੇ ਆਉਣਾ ਹੀ ਨਹੀਂ ਸੀ ਚਾਹੁੰਦਾ—ਮੇਰੇ ਕਰਕੇ ਆ ਗਿਆ ਸੀ।

ਵਿਰਕ ਦੀ ਸਹੀ ਹਾਲਤ ਦਾ ਮੈਨੂੰ ਪਤਾ ਨਹੀਂ ਸੀ। ਮੈਂ ਕੋਈ ਗੱਲ ਕਰਦਾ, ਜਿਸ ਵਿਚ ਉਸ ਨੂੰ ਕੋਈ ਸਵਾਲ ਵੀ ਹੁੰਦਾ, ਤਾਂ ਉਹ ਚੁੱਪ ਰਹਿੰਦਾ। ਇਕ ਵਾਰ ਉਸ਼ ਨੇ ਸੱਜਾ ਹੱਥ ਹਵਾ ਵਿਚ ਉਛਾਲ ਕੇ "ਨਹੀਂ" ਦੇ ਅੰਦਾਜ਼ ਵਿਚ ਆਪਣੇ ਸੱਜੇ ਗੋਡੇ ਉਪਰ ਮਾਰਿਆ। ਨਾਲ ਹੀ "ਆਂ...ਆਈਂ...ਐਂ।" ਕਿਹਾ। ਤਦ ਮੈਂ ਠੀਕ ਹਾਲਤ ਨੂੰ ਸਮਝਿਆ। ਉਸ ਤੋਂ ਬਾਦ ਮੈਂ ਜਿਹੜੀਆਂ ਗੱਲਾਂ ਕੀਤੀਆਂ, ਉਹ ਉਸ ਨੂੰ ਦੱਸਣ ਵਾਲੀਆਂ ਸਨ, ਪੁੱਛਣ ਵਾਲੀਆਂ ਨਹੀਂ।

ਸਹੀ ਥਾਂ ਤੇ ਸਹੀ ਸ਼ਬਦ ਬੀੜਨ ਵਾਲਾ ਲੇਖਕ ਬੋਲਣ ਤੋਂ ਅਸਮਰੱਥ ਸੀ। ਲੇਖਕ ਦੀ ਇਕ ਹੀ ਪੂੰਜੀ ਹੈ—ਸ਼ਬਦ। ਉਹ ਤਾਂ ਕੁਦਰਤ ਨੇ ਵਾਪਸ ਲੈ ਲਈ ਸੀ। ਬੱਚਿਆਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਲੱਖਾਂ ਪਰਸੰਸਕਾਂ ਦੇ ਹੁੰਦਿਆਂ ਉਹ ਬੇਸਰੋਸਾਮਾਨ ਬੈਠਾ ਸੀ। ਬਿਨਾਂ ਭਾਸ਼ਾ ਦੇ, ਨਿਰਧਨ!

ਮੈਂ ਉਸ ਨੂੰ ਆਪਣੀ ਕਿਤਾਬ 'ਸਰਗੋਸ਼ੀਆਂ' ਭੇਜੀ ਸੀ। ਉਸ ਵਿਚ ਵਿਰਕ ਨਾਲ ਸੰਬੰਧਤ ਇਕ ਘਟਨਾ ਦਾ ਜ਼ਿਕਰ ਸੀ। ਮੈਂ ਯਾਦ ਕਰਾਇਆ, ਤਾਂ ਉਹ "ਹੋਂਅ...ਹੋਂਅ....ਹੋਂਅ" ਕਹਿ ਕੇ ਤਾਲੀ ਮਾਰਕੇ ਹੱਸਦਾ ਰਿਹਾ—ਵਾਰ ਵਾਰ—ਵਾਰ ਵਾਰ।

ਉਸ ਦੀ ਪਤਨੀ ਨੇ ਦੱਸਿਆ—"ਇਹ ਬੀਮਾਰੀ ਵੀ ਉਸੇ ਆਦਤ ਨਾਲ ਹੋਈ ਏ।"

ਮੈਨੂੰ ਹੈਰਾਨੀ ਹੋਈ—"ਕਿੱਦਾਂ?" ਮੈਂ ਪੁੱਛਿਆ।

"ਵਿਆਹ ਸੀ ਇਥੇ ਮੁਹਾਲੀ ਵਿਚ ਈ, ਸਾਡੇ ਰਿਸ਼ਤੇਦਾਰਾਂ ਦੇ।" ਉਹ ਦੱਸਣ ਲੱਗੀ—"ਦਰਵਾਜ਼ੇ ਬੰਦ ਕਰਕੇ ਮੈਂ ਕਿਹਾ, ਚਾਬੀ ਤੁਸੀਂ ਆਪਣੇ ਕੋਲ ਰੱਖ ਲਉ। 'ਕਹਿੰਦੇ, ਨਹੀਂ ਤੂੰ ਈਂ ਰੱਖ ਆਪਣੇ ਕੋਲ।' ਵਿਆਹ ਵਿਚੋਂ ਇਹ ਛੇਤੀ ਉਠ ਆਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨਾ ਦੱਸੇ । [illegible] ਅੱਖਾਂ ਛਲਕ ਪਈਆਂ । ''ਪਿਛਲੀ ਕੰਧ, ਹੋਣੀ ਏਂ ਨੌਂ ਫੁੱਟ, ਚੜ੍ਹ ਕੇ ਹੇਠਾਂ ਛਾਲ ਮਾਰ ਦਿੱਤੀ । ਉਦੋਂ ਈਂ ਇਨ੍ਹਾਂ ਦਾ ਕਲਾਟ ਹਿੱਲ ਗਿਆ । ਬੱਸ, ਆਈ ਤਾਂ ਇਹ ਮੰਜੇ ੜੇ ਪਏ ਸੀ ।''

ਵਿਰਕ ਦੇ ਹੱਥ ਮਾਰਨ, ਤੇ ''ਐਂਹ...ਐਂ...'' ਕਰਨ ਤੋਂ ਪਤਾ ਲੱਗਦਾ ਸੀ ਕਿ ਉਹ ਆਪਣੀ ਪਤਨੀ ਨਾਲ ਸਹਿਮਤ ਨਹੀਂ । ਜਦੋਂ ਉਹ ਗੱਲ ਸਮਝਾਉਣ ਵਿਚ ਅਸਫਲ ਰਿਹਾ, ਤਾਂ ਉਹ ਕੁਝ ਅਸ਼ਬਦਾ ਜਿਹਾ ਬੋਲਿਆ, ਹੱਥਾ ਦੀ ਮੁਦਰਾ ਐਂਝ ਬਣਾਈ ਜਿਵੇਂ ਕਿਹਾ ਹੋਵੇ—''ਮੈਂ ਬੋਲ ਹੀ ਨਹੀਂ ਸਕਦਾ—ਚਲੋ, ਛੱਡੋ ਪਰ੍ਹੇ ।''

ਇਕ ਦਿਨ ਸੁਣਿਆ, ਵਿਰਕ ਆਪਣੇ ਲੜਕੇ ਕੋਲ ਕੈਨੇਡਾ ਚਲਾ ਗਿਆ ਹੈ । ਬੜੀ ਹੈਰਾਨੀ ਹੋਈ । ਪੰਜਾਬ ਦੀ ਮਿੱਟੀ ਨੂੰ ਚੁੰਮਣ ਵਾਲਾ ਆਪਣੀ ਮਿੱਟੀ ਲੈ ਕੇ ਪਰਦੇਸ ਚਲਾ ਗਿਆ ?

ਫੇਰ ਪਤਾ ਲੱਗਾ—ਵਿਰਕ ਚਲਾਣਾ ਕਰ ਗਿਆ ।

ਲੇਖਕ ਖਾਮੋਸ਼ ਹੋ ਗਿਆ—ਉਪ-ਭਾਵੁਕਤਾ ਤੋਂ ਦੂਰ, ਧਰਤੀ ਵਰਗਾ, ਰੇਤਲਾ, ਕੱਲਰੀ ਵਰਾਨੀ, ਤੇ ਮੇਰੇ ਜਿਹਾ ਜ਼ਰਖੇਜ਼ । ਆਪਣੇ ਜਿਹਾ ਆਪ—ਵਿਰਕ ।

ਤਿੱਖੀਆਂ ਅੱਖਾਂ, ਤਿੱਖਾ ਨੱਕ । ਵਿਰਕ ਦੀ ਬੁੱਧ ਵੀ ਤਿੱਖੀ ਸੀ । ਉਹ ਰਤਾ ਕੁ ਝੋਲ ਮਾਰ ਕੇ ਤੁਰਦਾ ਸੀ । ਉਸ ਨੂੰ ਕਿਸੇ ਕੰਮ ਦੀ ਕਾਹਲੀ ਨਹੀਂ ਸੀ ਹੁੰਦੀ ।

ਇਕ ਸ਼ਾਮ ਨੂੰ ਮੈਂ ਉਹਦੇ ਘਰ ਗਿਆ । ਉਹ ਤਹਿਮਤ ਬੰਨ੍ਹੀ, ਦਾੜ੍ਹੀ ਖਿਲਾਰੀ ਕੁਰਸੀ ਤੇ ਬੈਠਾ ਕੁਝ ਲਿਖ ਰਿਹਾ ਸੀ । ਫ਼ਾਇਲ ਤਹਿ ਕਰਕੇ ਰੱਖਦਾ ਬੋਲਿਆ—''ਚੰਗਾ ਹੋਇਆ ਤੂੰ ਆ ਗਿਉਂ, ਕਹਾਣੀ ਗਾਂਹ ਤੁਰਦੀ ਹੀ ਨਹੀਂ ਸੀ । ਐਵੇਂ ਯੋਰ ਲਾਉਣ ਡਿਹਾ ਸੀ ।''

''ਵਿਸਕੀ ਕੱਢ ਲਿਆ, ਗਲਾਸ ਵੀ'' । ਮਿਸਿਜ਼ ਵਿਰਕ ਕੋਲ ਆਈ, ਦੇਖ ਕੇ ਹੱਸੀ—''ਅੱਜ ਫੇਰ ਮਾਰੋਗੇ ਝੱਲ-ਵਲੱਲੀਆਂ ! ਸਾਨੂੰ ਤੇ ਓਦਣ ਦੀ ਪਾਰਟੀ ਵਾਲੀਆਂ ਨਹੀਂ ਭੁੱਲੀਆਂ । ਚੇਤੇ ਆ ਨਾ, ਵਿਹੜੇ ਵਿਚ ਲੱਤਾਂ ਪਸਾਰ ਕੇ ਬਹਿ ਗਏ, ਅਖੇ, ਬੀਬੀਆਂ ਚਾਹੁਣ ਤਾਂ ਚਲੀਆਂ ਜਾਣ, ਅਸੀਂ ਹੁਣ ਪੱਕਿਆਂ ਸ਼ਬਦਾਂ ਵਿਚ ਗੱਲਾਂ ਕਰਨੀਐਂ ।''

''ਅੱਜ ਕਿੱਥੇ ? ਅਸੀਂ ਦੋਵੇਂ ਤਾਂ ਹੈਗੇ, ਉਹ ਤਾਂ ਬਹੁਤਿਆਂ ਬੰਦਿਆਂ ਵਿਚ ਵੱਜਦੀਆਂ । ਨਾਲੇ ਇਹਨੂੰ ਕਲ੍ਹ ਆਲੀ ਗੱਲ ਸੁਣਾ ਦੇ ।'' ਵਿਰਕ ਹੱਸਿਆ ।

ਉਹ ਵੀ ਖਿਲਖਿਲਾ ਕੇ ਹੱਸੀ—''ਚੁੱਪ ਰਹੋ ।''

ਇਹ ਆਖ ਕੇ ਉਹ ਰਸੋਈ ਵੱਲ ਚਲੀ ਗਈ, ਇਸ ਯਕੀਨ ਨਾਲ ਕਿ ਗੱਲ ਤਾਂ ਵਿਰਕ ਨੇ ਦੱਸ ਹੀ ਦੇਣੀ ਹੈ ।

''ਕੱਲ੍ਹ ਸ਼ਾਮ ਨੂੰ ਇਹ ਬੱਸ 'ਤੇ ਆ ਰਹੀ ਸੀ ।'' ਵਿਰਕ ਨੇ ਗੱਲ ਸ਼ੁਰੂ ਕੀਤੀ । ''ਇਹਨੇ ਮੈਨੂੰ ਘਰ ਆਣ ਕੇ ਦੱਸਿਆ । ਜਦ ਬੱਸ ਪੰਚਕੂਈਆਂ ਰੋਡ ਦਾ ਮੋੜ ਮੁੜੀ ਤਾਂ ਇਹਨੇ ਦੂਰੋਂ ਦੇਖਿਆ, ਇਕ ਵਿਚਾਰਾ ਤਰਖਾਣ ਜਿਹਾ ਸਾਈਕਲ ਵਿਚ ਹਵਾ ਭਰਵਾ ਰਿਹਾ ਸੀ । ਕਹਿੰਦੀ, ਮੈਂ ਸੋਚਿਆ, ਕਿੰਨੀ ਮਜਬੂਰੀ ਹੈ ਬੰਦੇ ਦੀ । ਵਿਚਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਹਾੜੀ ਲਾ ਕੇ ਆਇਆ ਹੈ, ਸ਼ਾਮ ਦਾ ਵੇਲਾ ਹੈ। ਉਪਰੋਂ ਬਾਈਸਿਕਲ ਪੈਂਚਰ। ਇਹ ਸੋਚਦੀ ਬੱਸ ਵਿਚ ਬੈਠੀ ਜਦ ਇਹ ਕੋਲੋਂ ਲੰਘੀ, ਤਾਂ ਦੇਖਿਆ, ਉਹ ਤਾਰਾ ਸਿੰਘ, ਤੂੰ ਸੀ।"

ਵਿਰਕ ਦੇ ਹੱਥਾਂ ਵਿਚ ਸੁਲਫੇ ਦੀ ਚਿਲਮ ਵਾਂਗ ਫੜਿਆ ਗਲਾਸ ਛਲਕ ਰਿਹਾ ਸੀ।

... ...

ਜਲੰਧਰ ਕੋਈ ਸਾਹਿਤਕ ਸਮਾਗਮ ਸੀ। ਦਿੱਲੀ ਤੋਂ ਵੀ ਕੁਝ ਬੰਦੇ ਗਏ। ਸਮਾਗਮ ਤੋਂ ਬਾਦ ਮੈਨੂੰ ਤੇ ਇਕ ਹੋਰ ਲੇਖਕ ਨੂੰ ਵਿਰਕ ਇਕ ਹੋਟਲ ਵਿਚ ਲੈ ਗਿਆ। ਉਥੇ ਕਿਸੇ ਗੱਲ ਤੋਂ ਉਹ ਲੇਖਕ ਮੇਰੇ ਨਾਲ ਲੜ ਪਿਆ। ਮੈਂ ਉਹਦੀਆਂ ਗੱਲਾਂ ਸੁਣਦਾ ਰਿਹਾ—ਚੁੱਪ, ਖ਼ਾਮੋਸ਼। ਕੋਈ ਉੱਤਰ ਨਹੀਂ ਦਿੱਤਾ।

ਉਥੋਂ ਨਿਕਲੇ, ਤਾਂ ਵਿਰਕ ਕਹਿਣ ਲੱਗਾ—"ਤੂੰ ਕਮਾਲ ਕਰ ਦਿੱਤੀ। ਬੋਲਿਆ ਈ ਨਹੀਂ।"

"ਫੇਰ ਤਾਂ ਲੜਾਈ ਹੋ ਜਾਣੀ ਸੀ।" ਮੈਂ ਕਿਹਾ। "ਮੈਨੂੰ ਤਾਂ ਡਰ ਸੀ, ਤੂੰ ਨਾ ਬੋਲ ਪਵੇਂ।" ਮੈਂ ਮੁਸਕਰਾ ਕੇ ਫੇਰ ਕਿਹਾ—"ਜੇ ਲੜ ਪੈਂਦਾ, ਤਾਂ ਮੰਨਣ ਲਈ ਵੀ ਤਿਆਰ ਰਹਿਣਾ ਪੈਣਾ ਸੀ। ਹੁਣ ਇਹਨੂੰ ਸਿਰਫ਼ ਇਗਨੋਰ ਕਰਕੇ ਕੰਮ ਚਲ ਜਾਣਾ ਹੈ।"

"ਇਹੋ ਈ ਤਾਂ ਕਮਾਲ ਕੀਤਾ ਤੂੰ।" ਵਿਰਕ ਖੁਸ਼ ਸੀ।

"ਉਹ ਨਾਲਾਇਕ ਵੱਡੀ ਸਜ਼ਾ ਦੇ ਲਾਇਕ ਸੀ।"

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪਾਤਰਾਂ ਦਾ ਰੌਲਾ ਰੱਪਾ ਨਹੀਂ, ਸੰਜੀਦਗੀ ਦਾ ਸੇਕ ਹੈ। ਵਿਰਕ ਉਪਭਾਵੁਕਤਾ ਮੁਕਤ ਪੰਜਾਬੀ ਕਹਾਣੀ ਦਾ ਜਨਮ-ਦਾਤਾ ਹੈ। ਉਸ ਦੀਆਂ ਕਹਾਣੀਆਂ ਦਾ ਪਸਾਰ ਖੱਬਲ ਵਾਂਗ ਹਰ ਥਾਂ, ਹਰ ਮਨ ਵਿਚ ਫੈਲਿਆ ਹੋਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਾਂ ਦੇ ਖ਼ਰਗੋਸ਼

ਮੈਨੂੰ ਤਿੰਨ ਚੀਜ਼ਾਂ ਨੇ ਪ੍ਰਭਾਵਤ ਕੀਤਾ ਹੈ :
ਮੌਤ
ਚਾਨਣੀ
ਔਰਤ ਦਾ ਜਿਸਮ ।

ਮੌਤ ਦੀ ਸੰਗੀਨੀ ਮੇਰਾ ਸਾਹ ਘੁੱਟਦੀ ਹੈ । ਕਤਲ ? ਮੌਤ ? ਕਾਹਦੇ ਲਈ ? ਸਮਾਜ ਦੇ ਕੰਮ ਆ ਸਕਣ ਵਾਲੀਆਂ ਤਮਾਮ ਸੰਭਾਵਨਾਵਾਂ ਦਾ ਖ਼ਾਤਮਾ ! ਵਿਅਕਤੀ-ਗੁਣ, ਔਗੁਣ ਦਾ ਭੰਡਾਰ । ਗਿਆਨ, ਸੋਚ ਮੁਹੱਬਤ, ਕੁਰਬਾਨੀ, ਅੰਗ ਮੁਦਰਾਵਾਂ ਤੇ ਈਸਾਰ ਦਾ ਮੁਜੱਸਮਾ । ਇਕ ਲਾਇਬਰੇਰੀ । ਮਰ ਕੇ ਕਿਥੇ ਚਲਾ ਜਾਂਦਾ ਹੈ ? ਕੋਈ ਦੂਜਾ ਸੰਸਾਰ ਵੀ ਹੈ ? ਉਥੇ ਕੈਸਾ ਨਿਜ਼ਾਮ ਹੈ ? ਬਿਦੇਹੀਆਂ ਰੂਹਾਂ ਕਿਸ ਤਰ੍ਹਾਂ ਰਹਿੰਦੀਆਂ ਹਨ ਉਥੇ ? ਸਾਨੂੰ ਦੇਖਦੀਆਂ ਹਨ, ਕਿ ਨਹੀਂ ?

ਆਪਣੇ ਨਾਪ ਦੇ ਕੱਪੜੇ, ਖਿਡਾਉਣੇ, ਕਿਤਾਬਾਂ, ਤੇ ਰਿਸ਼ਤੇ ਨਾਤੇ ਛੱਡ ਕੇ ਜੀਵ ਕਿਥੇ ਚਲਾ ਜਾਂਦਾ ਹੈ ? ਹੱਥ ਪਸਾਰੀਏ, ਤਾਂ ਆਪਣੇ ਪਿਆਰਿਆਂ ਨੂੰ ਅਸੀਂ ਮਿਲ ਕਿਉਂ ਨਹੀਂ ਨਹੀਂ ਸਕਦੇ ? ਕਿੰਨੀ ਲਾਚਾਰੀ ? ਕਿੰਨੀ ਮਜਬੂਰੀ !

ਸਾਰਾ ਕੁਝ ਜਾਨਣ ਵਾਲਾ ਕਿੰਨਾ ਜ਼ਰੂਰੀ ਹੈ । ਰੱਬ, ਮੌਤ । ਕਾਤਲ ਕੌਣ ਹੁੰਦਾ ਹੈ ? ਰੱਬ ਕਾਤਲ ਹੈ ? ਨਹੀਂ ? ਉਹਦਾ ਕੀ ਸੌਰਦਾ ਹੈ ਪ੍ਰਾਣ-ਮੁਕਤ ਕਰਕੇ ?

ਮੇਰੇ ਅੰਦਰ ਇਕ ਅਸਹਿ, ਮਜਬੂਰ ਉਦਾਸੀ ਪੱਸਰਦੀ ਹੈ । ਸਾਹ ਘੁੱਟਦਾ ਹੈ ! ਮੌਤ ਮੇਰਾ ਹੱਥ ਰੋਕ ਕੇ ਮੈਨੂੰ ਲੈ ਜਾਵੇਗੀ ? ਉਫ਼ !

ਔਹ ਜਾ ਰਹੀ ਡਾਰ ਪੰਛੀਆਂ ਦੀ
ਜੇ ਮੁੜਕੇ ਆਈ, ਤਾਂ ਕੀ ਕਹੇਗੀ !

ਸਭ ਕੁਝ ਜ਼ਾਇਆ ਹੋ ਜਾਂਦਾ ਹੈ ! ਰੱਬ ਮੂਰਖ ਹੈ ? ਬੇਪਰਵਾਹ ਹੈ ? ਥਾਂ ਖਾਲੀ ਕਰਾਉਣ ਦੀ ਕਾਹਲ ਵਿਚ ਹੈ ? ਹੈ ਵੀ ?

ਰੱਬ ਨਾਲ ਮੇਰੇ ਸੰਬੰਧ ਨਾ ਧੁੱਪੇ, ਨਾ ਛਾਵੇਂ । ਨਾ ਉਹਲੇ, ਨਾ ਸਾਹਵੇਂ ! ਜਦੋਂ ਮੌਤ ਕੋਲੋਂ ਦੀ ਲੰਘ ਜਾਂਦੀ ਹੈ, ਕੀ ਉਹ ਰੁੱਸੇ ਹੋਏ ਦਾ ਵਤੀਰਾ ਹੁੰਦਾ ਹੈ ? ਆਉਣ ਜਾਣ ਦਾ ਕਰਮ ਜਿਹਾ ? ਐਵੇਂ ਸਹਿਜ ਭਾ ਅੱਗੇ ਨਿਕਲ ਜਾਣ ਦਾ ਵਤੀਰਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਲੀਅਰ ਮਾਰਦੇ ਸ਼ਿਕਾਰੀ ਦਾ ਕਦੇ ਗੋਲੀ ਨਾ ਚਲਾਉਣ ਦਾ ਆਲਸੀ ਜਿਹਾ ਜ਼ਜਬਾ ?

ਮੇਰੇ ਕੁਝ ਦੋਸਤ ਤਾਂ ਮੇਰੇ ਕੋਲੋਂ ਉਠ ਕੇ ਮੌਤ ਦੇ ਨਾਲ ਨਾਲ ਤੁਰਕੇ ਆਤਮ ਹੱਤਿਆ ਦਾ ਨਿਸ਼ਚਿਤ ਕਾਰਜ ਕਰਨ ਗਏ ਸਨ ! ਕੀ ਮੌਤ ਨਿਸ਼ਚਿਤ ਕਾਰਜ ਨਹੀਂ ? ਵਿਅਕਤੀ ਇਨਾਂ ਅਨਿਸ਼ਚਿਤ ਕਿਉਂ ਹੈ ?

ਔਰਤ ਦਾ ਜਿਸਮ ਮੇਰਾ ਪ੍ਰੇਰਨਾ ਸ੍ਰੋਤ ਰਿਹਾ ਹੈ । ਔਰਤ ਹਰ ਵਾਰ ਨਵੇਂ ਜ਼ਾਵੀਏ, ਨਵਾਂ ਰਸ ਰੰਗ, ਨਵੀਂ ਪ੍ਰੇਰਨਾ ਲੈ ਕੇ ਮਿਲਦੀ ਹੈ । ਇਹ ਬੇਹਦ ਵਚਿੱਤਰ ਗੱਲ ਹੈ ?

ਸੰਭੋਗ ਲੀਲ੍ਹਾ ਕੀ ਹੈ ? ਮੇਰੀ ਰਕਤ ਵਿਚ ਇਹ ਸਭ ਕੁਝ ਕਿਵੇਂ ਜਨਮ ਲੈਂਦਾ ਹੈ ? ਇਕ ਸੰਭੋਗ ਸੰਜੋਗ ਨਾਲ ਕਿੰਨੀ ਔਰਤ ਜ਼ਾਇਆ ਹੋ ਜਾਂਦੀ ਹੈ ? ਕਿੰਨੀ ਮਨੁੱਖ ਸ੍ਰਿਸ਼ਟੀ ਬਿਖਰ ਜਾਂਦੀ ਹੈ । ਕਿਸ ਅਣੂੰ ਦਾ ਪਰਵੇਸ਼ ਗ਼ਲਤ ਹੈ, ਕਿਸ ਦਾ ਸਹੀ ? ਇਸਦੀ ਸੂਝ, ਇਸਦਾ ਨਿਅੰਤਰਣ, ਇਸਦੀ ਪਛਾਣ ?

ਕਾਮ-ਪੂਰਤੀ ਸਮੇਂ ਰਕਤ-ਲਹਿਰਾਂ ਕਿਥੋਂ ਆ ਜਾਂਦੀਆਂ ਹਨ ? ਕਿਥੇ ਸਮਾ ਜਾਂਦੀਆਂ ਹਨ ? ਇਹਨਾਂ ਦਾ ਪ੍ਰੇਰਨਾ-ਸ੍ਰੋਤ ਕੀ ਹੈ ?

ਹਰ ਇਕ ਇਸਤ੍ਰੀ ਵਿਚ ਇਕ ਅੱਧ ਗੁਣ, ਜਾਂ ਅਦਾਅ ਪ੍ਰੇਰਨਾ ਦੇ ਰੂਪ ਵਿਚ ਹੁੰਦੀ ਹੈ । ਸੁੰਦਰ ਵਿਚ ਵੀ, ਕੋਹਝੀ ਵਿਚ ਵੀ ! ਹਰ ਜਿਸਮ ਦਾ ਢੁਕਾਅ ਤੇ ਪਰਫਾਰਮੈਂਸ ਨਵੀਂ ਹੁੰਦੀ ਹੈ । ਆਨੰਦ ਤੇ ਸਿਰਜਨਾ ਦਾ ਬੇਅੰਤ ਜ਼ਖੀਰਾ-ਜੰਗਲ । ਜਿਸ ਵਿਚ ਹਨੇਰੇ, ਅਣ-ਪਛਾਤੇ ਰਸਤੇ, ਰੌਸ਼ਨੀਆਂ, ਜਜ਼ੀਰੇ ਤੇ ਕੋਸੇ-ਪਾਣੀ ਛਲਕਦੇ, ਅਣ-ਛੁਹੇ ਪਏ ਹਨ । ਸਾਹਾਂ ਦੇ ਖਰਗੋਸ਼—ਕੂਲੇ ਕੂਲੇ ਗਰਮ ਗਰਮ !

ਧੁੰਦਲੀਆਂ ਸਰਗੋਸ਼ੀਆਂ ਤੋਂ ਬਾਅਦ ਬੇਵਸ ਕਾਮ-ਤ੍ਰੰਗਾਂ ਦਾ ਹੜ੍ਹ । ਉਛਾਲੇ । ਖੁਰਦੀਆਂ ਦੇਹਾਂ; ਗੁਲਾਬੀ, ਸਾਂਵਲੇ ਜਿਸਮ ਭੁਰਦੇ ਹੋਏ, ਤੁਪਕਾ ਤੁਪਕਾ ਖੁਰਦੇ; ਲਹੂ ਦੇ ਕਾਫ਼ਲੇ; ਬਦਨ ਸਰਹੱਦ ਤੋਂ ਪਰ੍ਹਾਂ ਬੇਬਦਨ ਮੇਲ-ਆਲਿੰਗਣ; ਹਨੇਰੇ ਕੋਣਿਆਂ ਵਿਚ ਲਹਿਲਹਾਉਂਦੀ ਰੀਝਾਂ ਦੀ ਫ਼ਸਲ !

ਬਾਰੀਕ, ਠੰਢੀਆਂ ਧੁਦਲਾਂ ਵਿਚ ਮੇਲ੍ਹਦੇ ਸੱਪਾਂ ਦੀ ਕਾਮ-ਅਲਸਾਹਟ ਸੁਣਦੀ ਸੀ ਉਦੋਂ ਜੁਦਾਈ ਵਿਚ । ਆਪਣੀ ਇਕੱਲ ਦਾ ਅਹਿਸਾਸ ਹੋਰ ਤਿੱਖਾ ਹੁੰਦਾ । ਸੱਪਣੀਆਂ ਦੇ ਮਹਿਕੇ ਪਿੰਡੇ ਦੀ ਗੰਧ ਆਉਂਦੀ ! ਤ੍ਰੇਲ ਦੇ ਚੋਏ ਵਿਚ ਹਜ਼ਾਰਾਂ ਚੰਦਰਮਾ ਲਿਸ਼ਕਦੇ । ਮਿਰਗਾਂ ਦੀਆਂ ਡਾਰਾਂ ਨਵੇਂ ਆਂਕੁਰਾਂ ਨੂੰ ਮੂੰਹ ਮਾਰਦੀਆਂ । ਪੂਛਲਾਂ ਹਿਲਾਂਦੀਆਂ । ਆਪਣੇ ਬੱਕਾਂ ਦੇ ਮੂੰਹ ਚੁੰਮਦੀਆਂ ਹਿਰਨੀਆਂ । ਹਨੇਰੇ ਤੇ ਚਾਨਣੀ ਦੇ ਮੁਮੇਲ ਨਾਲ ਬਣੀ ਰੌਸ਼ਨੀ ਮੇਰੇ ਜਜ਼ਬਾਤ ਦੀ ਘਈਨਾਦਾਰ ਬਣ ਜਾਂਦੀ ! ਦੀਵੇ, ਤਾਰੇ, ਸਭ ਗੱਲਾਂ ਕਰਦੇ ! ਮੈਂ ਨੀਂਦਰ ਦੀ ਉਡੀਕ ਵਿਚ, ਤੇ ਅਨਿਸ਼ਚਿਤ ਆਮਦ ਦੇ ਇੰਤਜ਼ਾਰ ਵਿਚ ਹੁੰਦਾ, ਹਵਾ ਤੇ ਵਾਤਾਵਰਨ ਵਿਚ ਰਚਿਆ ਇਕ ਚਿਹਰਾ ਉਭਰਦਾ । ਝਰਨਾਟਾਂ ਦਾ ਸਮੁੰਦਰ—ਅੰਗ ਅੰਗ ਉਦਾਸ ।

ਤੇ, ਉਹ ਸਮਾਂ ? ਵੱਤਰੀ ਹੋਈ ਧਰਤੀ ਦਾ ਸਮਾਂ ! ਆਪਣੇ ਜਿਸਮ ਤੋਂ ਸੁਗੰਧੀ ਆਉਂਦੀ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਅੰਗ ਆਪਣੀ ਨੀਝ ਛੁਹਾਵਾਂ
ਉਸ ਜੋਬਨ ਚੜ੍ਹ ਜਾਏ ।

ਪਰਛਾਵਿਆਂ ਤੋਂ ਰੂਪ ਪੁੱਛਦਾ ! ਅੱਗ ਦਾ ਕੀ ਰੂਪ ਹੁੰਦਾ ਹੈ ? ਗੁਣ ਦਾ ਪਰਛਾਵਾਂ ਕਿਥੇ ?

ਕਿੰਨਾ ਕੁਝ ਚੇਤੇ ਆਉਂਦਾ ਹੈ ! ਵਗਦੇ ਪਾਣੀਆਂ ਵਿਚ ਪੰਛੀਆਂ ਦੇ ਘੁਲੇ ਹੋਏ ਪਰਛਾਵੇਂ–ਵਰ੍ਹਦੇ ਮੇਘਾਂ ਦੀ ਸਨਸਨਾਹਟ, ਭਾਰੀ ਭਰਕਮ ਸਮਾਜ ਹੇਠਾਂ ਆਪਾ ਮੌਲ ਨਾ ਸਕਣ ਦਾ ਝੋਰਾ–ਲੁੱਸ ਲੁੱਸ ਕਰਦੇ ਪਾਣੀਆਂ ਦੀਆਂ ਚੁੱਪ ਚਾਪ ਕਰਵਟਾਂ—। ਉਡਦੇ ਛਿਣ ਤਿਤਲੀਆਂ ਜਾਪਦੇ । ਪਕੜ ਵਿਚ ਸਨ ਵੀ, ਨਹੀਂ ਵੀ ! ਘਸਮੈਲੇ ਹੰਝੂਆਂ ਦੀ ਲੋਅ ਵਿਚ ਲਿਪਟਿਆ ਭਵਿੱਸ਼ । ਗਰਭ–ਪਾਤ ਜਿਹੀ ਪੀੜ–ਲੂੰ ਲੂੰ ਦੀਵੇ ਦੀ ਲਾਟ ਜਾਪਦਾ । ਸੁੱਕ ਕੇ ਡਿੱਗੇ ਹੋਏ ਚੁਰਮੁਰਾਂਦੇ ਪੱਤਿਆਂ ਦੇ ਪਰਛਾਵੇਂ ਅੱਖਾਂ ਵਿਚ ਲਿਸ਼ਕਦੇ । ਕਿਸੇ ਦੇ ਰੰਗ ਵਰਗੇ ਸ਼ਰਬਤੀ ਸ਼ਬਦ ਦੀ ਤਾਂਘ ਵਿਚ ਥੱਕੇ ਹੋਏ ਵਿਸ਼ਵਾਸ ਪੱਲਾ ਖਿੱਚਦੇ ! ਗ਼ਰੀਬ ਤਨ ਨੂੰ ਧੁੱਪ ਵੀ ਦੇਖਦੀ ਛਾਂ ਵੀ । ਕਿਹੜਾ ਗਿਰਾਂ ? ਕਿਹੜਾ ਘਰ ? ਬੱਸ । ਗਲਿਆਰਿਆਂ ਦਾ ਸੀਮਤ ਅਮੁੱਕ ਸਫ਼ਰ— ਆਪਣੇ ਤੋਂ ਆਪਣੇ ਤੀਕ ! ਘੱਟ ਸਾਧਨ ਮੇਰੇ ਅਲਪ ਹੋਣ ਦਾ ਮੁੱਲ, ਪਰਛਾਵਿਆਂ ਤੋਂ ਰਹਿਤ ਬੱਚੇ, ਉਹਨਾਂ ਦੀਆਂ ਅੱਖੀਆਂ ਵਿਚ ਚਿਲਕਦੇ ਕੋਸੇ ਪਾਣੀ–ਪੂਰਾ ਹਿਆਤਨਾਮਾ, ਸੂਰਜ ਨੂੰ ਹੱਥ ਲਾ ਕੇ ਦੇਖਣ ਦੀ ਤੱਮਨਾ ਤੇ ਰੂਹ ਦੇ ਪਰਗਟਾਵੇ ਲਈ ਅਸਫਲ ਜਿਸਮ ਦੇ ਸਾਧਨ । ਸੈਨਤਾਂ ਦੇ ਚੌਮੁਖੀਏ ਦੀਵੇ । ਜੋ ਅੱਖਾਂ ਤੋਂ ਉਹਲੇ ਵੀ ਸਨ, ਸਾਕਾਰ ਹੋ ਘੂਰਦੇ :

ਇਸ ਵਾਰੀ ਮੈਂ ਗਿਣ ਨਾ ਸਕਿਆ
ਤੇਰੇ ਤਾਰੇ, ਖਿੱਤੀਆਂ
ਸੁਨੱਯ 'ਚੋਂ ਨਹੀਂ ਹੁੰਗਾਰਾ ਮਿਲਿਆ
ਬਹੁਤ ਆਵਾਜ਼ਾਂ ਦਿੱਤੀਆਂ
ਬੂਹਾ ਖੁਲ੍ਹਾ ਰੱਖੀਂ ਯਾਰ
ਕਲ੍ਹ ਨੂੰ ਫੇਰ ਆਵਾਂਗਾ

ਜਿਸਮ ਦੇ ਝੁੱਲ ਹੇਠਾਂ ਕਿੰਨੀ ਰੌਸ਼ਨੀ ਹੋਵੇਗੀ ? ਜਿਸਮ ਦੀਆਂ ਸੀਊਣਾਂ ਵਿਚ ਕਿਸ ਕਿਸ ਚਾਅ, ਸੱਧਰ ਤੇ ਲਿਸ਼ਕੌਰ ਦੇ ਕਿਟਾਣੂ ਹੋਣਗੇ ? ਇਸ ਦਾਤ ਨੂੰ ਜ਼ਾਹਰ ਕਰਨ ਲਈ ਜਿਸਮ ਨੂੰ ਕੁਝ ਝਰੋਖੇ ਦੇ ਕੇ ਕੁਦਰਤ ਨੇ ਆਪਣੀ ਦਾਤਾਰੀ ਸਮੇਟ ਲਈ ? ਹੱਥ ਘੁੱਟ ਲਿਆ ? ਕਿੰਨੀ ਸਾਰੀ ਸ੍ਰਿਸ਼ਟੀ ਤੇ ਕਿੰਨੀ ਘਟ ਸਾਮਿਗਰੀ :—

ਇਕ ਦਿਲ, ਤੇ ਦੋ ਅੱਖੀਆਂ
ਸਭ ਦੇ ਹਿੱਸੇ ਆਈਆਂ
ਇੰਨੀ ਅਲਪ ਸਾਮਗਰੀ ਨਾਲ
ਕਿਵੇਂ ਕੋਈ ਦੁਨੀਆ ਦੇਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਲਪ ਹੋਣ ਦਾ ਅਹਿਸਾਸ-ਅਲਪ ਆਯੂ-ਅਲਪ ਜੁੱਸਾ।
ਦਾਸਤਾਨਾਂ ਦਾ ਹਜੂਮ।

ਮਨੁੱਖ ਤੀਕ ਅਪੜਨ ਵਿਚਕਾਰ ਜਿਸਮ ਦੀ ਦੀਵਾਰ ਖੜੀ ਕਰ ਦਿੱਤੀ? ਨਿੱਘੀਆਂ ਤ੍ਰਿਪਤੀਆਂ ਦੇ ਛਲਾਵੇ ਖਲ੍ਹਾਰ ਦਿੱਤੇ। ਦੁੱਧ ਦੇ ਕਟੋਰੇ ਵਿਚ ਰੱਤ ਦੇ ਛਿੱਟੇ!

ਚਾਨਣੀ ਮੈਨੂੰ ਉਦਾਸ ਕਰਦੀ ਹੈ। ਸਾਰੀ ਸਾਰੀ ਰਾਤ ਖਾਮੋਸ਼ ਚਾਨਣੀ ਵਿਚ ਘੁੰਮਦਿਆਂ ਗੁਜ਼ਾਰੀ ਹੈ। ਬਾਗਾਂ, ਰੇਤਲੇ ਥਲਾਂ, ਗਲੀ ਬਾਜ਼ਾਰਾਂ ਵਿਚ। ਕੋਹਾਂ ਤੀਕ ਪੱਸਰੀ ਹੋਈ, ਹਰ ਛੱਤ ਉਪਰ ਲੇਟੀ ਹੋਈ ਚਾਨਣੀ ਦੇਖ ਕੇ ਮੇਰੀ ਉਦਾਸੀ ਹੋਰ ਵੱਧ ਜਾਂਦੀ। ਖੁਲ੍ਹੇ ਘਾਹ ਦੇ ਮੈਦਾਨਾਂ ਵਿਚ, ਜਿਥੇ ਪਰਛਾਵੇਂ ਸਹਿਮ ਕੇ ਬਿਰਛਾਂ ਹੇਠਾਂ ਖਲੋਤੇ ਹੁੰਦੇ, ਮੈਂ ਵੀ ਖਲੋ ਜਾਂਦਾ। ਊਂਘਦੀ ਚਾਨਣੀ ਤ੍ਰੇਲ ਦੇ ਚੋਇਆਂ ਉਪਰ ਅਸੰਖ ਮੋਤੀਆਂ ਵਰਗੀ ਲੱਗਦੀ। ਮੈਂ ਝੜੇ ਹੋਏ ਕਿੱਕਰ ਦੇ ਫੁੱਲ ਵਾਂਗ ਮਹਿਸੂਸ ਕਰਦਾ।

ਉਮਰ ਦੀ ਘਸਮੈਲੀ ਤਰਕਾਲ ਨੂੰ ਆਪਣੇ ਜਿਸਮ ਦੇ ਗਲੇ ਲੱਗ ਕੇ ਰੋਣ ਦੀ ਤ੍ਰਾਸਦੀ।

ਉਮਰ, ਰੌਸ਼ਨੀ, ਸੁਗੰਧ, ਤੇ ਯੋਗਿਤਾ ਨੂੰ ਪ੍ਰਗਟਾਉਣ ਲਈ ਹੈ, ਜਾਂ ਗ਼ਾਰਤ ਕਰਨ ਲਈ।

ਗੁਜ਼ਰ ਗਈ ਦਾ ਪਛਤਾਵਾ-ਆਉਣ ਵਾਲੀ ਦੀ ਪਕੜ ਤੋਂ ਅਸਮਰੱਥਾ। ਨਾ ਮੌਕੇ, ਨਾ ਸਾਧਨ। ਸਾਜ਼ਵਾਨੀ ਮੇਜ਼ ਦੇ ਬੇਪਲਕ ਚਿਹਰੇ ਜਿਹੇ ਉਦਾਸੇ ਬੋਲ:

ਚਾਨਣੀ ਤਾਂ ਤੁਰ ਗਈ ਏ ਨਾਲ 'ਚੋਂ
ਪਰ ਸਪਰਸ਼ ਉਸਦਾ—
ਅਜੇ ਘਾਹ-ਪੱਤੀਆਂ ਤੇ ਊਂਘਦਾ।

ਅਪੱਣਤ ਦੀਆਂ ਦੁਸ਼ਵਾਰੀਆਂ ਹੀ ਮਨੁੱਖ ਦੀ ਹੋਣੀ ਹੈ। ਅੱਧ-ਜਿਸਮੇ ਜਿਹੇ ਅਥ੍ਰੂ, ਨਾ ਰੋਣ, ਨਾ ਹੱਸਣ।

ਸੂਰਜ ਅਸਤ ਹੋ ਜਾਂਦਾ ਹੈ, ਉਸਦਾ ਭੁੱਚਕ ਜਿਹਾ ਅੱਖਾਂ ਵਿਚ ਰਹਿ ਜਾਂਦਾ ਹੈ। ਸੂਰਜ ਦੀ ਅਰਧ ਹਾਜ਼ਰੀ ਜਹੀ ਅਵਸਥਾ! ਖੁਦਕਸ਼ੀਆਂ ਦੇ ਮੌਸਮ ਵਿਚ ਗੁਜ਼ਰਦੇ ਦਿਨ। ਜਿਸਮ ਦੀਆਂ ਵਿਰਲਾਂ ਵਿਚੋਂ ਕਿਰਦਾ ਆਪਣਾ ਆਪ। ਵਿਗੋਚੇ ਚੀਜ਼ਾਂ ਦੇ-ਆਦਰ ਸਤਿਕਾਰ ਦੇ।

ਉਦਾਸ ਪਲਾਂ ਦੇ ਬੋਲ:

ਬੜੇ ਅੱਧਭੁਤ ਜਿਹੇ ਰੰਗਾਂ ਦੀ ਰਾਤੀਂ ਭੀੜ ਜੁੜਦੀ ਹੈ
ਤ੍ਰੇਲੇ ਰਸਤਿਆ ਤੇ ਚਾਨਣੀ ਦੀ ਧੂੜ ਉਡਦੀ ਹੈ

ਧਰਵਾਸ ਖਿਆਲਾਂ ਦਾ; ਸੰਭੋਗ ਦੀ ਪਵਿੱਤਰ ਕਲਪਨਾ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੁੱਟੇ ਮਹਿਕੇ ਹੋਏ ਜਿਸਮਾਂ ਦੇ—
ਬੰਦਨਵਾਰ ਖੁੱਲ੍ਹ ਜਾਣੇ
ਹੁਣੇ ਰਸ ਰੰਗ ਸਰੀਰਾਂ ਦੇ
ਸਰੀਰਾਂ ਵਿਚ ਡੁਲ੍ਹ ਜਾਣੇ
ਹੁਣੇ ਕੁਝ ਅਮਰ ਹੋ ਜਾਣਾ
ਹੁਣੇ ਕੁਝ ਨਾਸ਼ ਹੋ ਜਾਣਾ
ਹਨੇਰੀ ਰੂਹ ਵਿਚ ਆਨੰਦ ਦਾ
ਪ੍ਰਕਾਸ਼ ਹੋ ਜਾਣਾ

ਮਖ਼ੌਟੇ ਚੁੱਕਦੀ ਹੰਭੀ ਹੋਈ ਜਿੰਦ। ਵਸਤਰ, ਤੇ ਵਸਤਰ-ਕਾਟ, ਰਸ ਰੰਗ ਦਾ ਭਾਰ ਚੁੱਕਦੀ ਥੱਕੀ ਹੋਈ ਹੋਂਦ। ਇਕ ਪਿੰਡੇ ਵਿਚ ਬਹੁਤੇ ਪਿੰਡੇ ਪਾ ਕੇ ਮੇਰੀ ਯਕਸੂਈ ਖੋਹ ਲਈ। ਦੋ ਸਾਹਾਂ ਦੀ ਵਿੱਥ ਤੇ ਬੈਠੇ ਮੀਤ ਪਰਾਏ ਹੋ ਜਾਣਗੇ, ਇਹ ਕਿਥੇ ਪਤਾ ਸੀ। ਅੱਧ-ਪੀਤੇ ਸੁਲਗਦੇ ਸਿਗਰਟ ਦਾ ਫਿੱਕਾ ਧੂਆਂ ਮਾਂ ਦੀ ਯਾਦ ਵਾਂਗ ਹੁੰਦਾ ਹੈ—ਨਹੀਂ ਸਾਂ ਜਾਣਦਾ।

ਉਹ ਮੇਰੇ ਕੋਲੋਂ ਉੱਠ ਕੇ ਖ਼ੁਦਕਸ਼ੀ ਕਰਨ ਤੁਰ ਗਿਆ। ਉਹਦੇ ਸਾਹਮਣੇ, ਆਪਣੀ ਹੀ ਖ਼ੁਸ਼ਬੂ ਵਿਚ ਸੁਲਗਦੇ ਜਿਸਮਾਂ ਦੀ ਸਰਸਰਾਹਟ ਸੀ—ਬਾਲਾਂ ਦੇ ਸੁੱਚੇ ਬੁਲ੍ਹਾਂ ਦੇ ਝਿਲਮਿਲਾਉਂਦੇ ਗੁਲਦਸਤੇ ਸਨ।

ਭਰੇ ਭਰੇ ਮੋਘਲੇ ਪਲਾੜਾਂ ਦੀਆਂ ਬਿਆਈਆਂ ਵਿਚ ਡੁੱਬਦੇ ਜਾ ਰਹੇ ਹਨ।

ਪਰਵਰਦਗਾਰ!

ਮੈਨੂੰ ਇੰਨੀ ਕੁ ਧਰਤੀ ਜ਼ਰੂਰ ਦੇਹ, ਜਿਸ ਵਿਚ ਆਪਣੇ ਜਿਸਮ ਦੇ ਸਾਰੇ ਤੁਪਕੇ ਡੋਹਲ ਸਕਾਂ!

पुस्तकालय
...कांगड़ी विश्वविद्यालय
7783

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class
Cat on
Tag etc.
Checked
Any Other
17.6.83

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਰਾ ਸਿੰਘ ਦੀ ਕਵਿਤਾ ਪਾਠਕ ਦੇ ਅਵਚੇਤਨ ਵਿਚ ਸਮਾ ਜਾਂਦੀ ਹੈ। ਸ਼ਬਦਾਂ ਦੀ ਕੋਮਲਤਾ ਵਿਚਾਰ ਦੀ ਚਿੰਗਾਰੀ ਨੂੰ ਆਪਣੀ ਬੁੱਕਲ ਵਿਚ ਸਮੇਟੀ ਰਖਦੀ ਹੈ। ਤਾਰਾ ਸਿੰਘ ਦੀ ਕਵਿਤਾ ਦਾ ਜਲੌ ਪਾਠਕ ਅਗੇ ਉਦੋਂ ਪਰਚੰਡ ਹੁੰਦਾ ਹੈ, ਜਦੋਂ ਉਸਦੇ ਸਰੋਦ ਦਾ ਰਸ ਲੈਣ ਉਪ੍ਰੰਤ ਵਿਚਾਰ ਦੀ ਗੰਢ ਖੁਲ੍ਹਦੀ ਹੈ।

ਤਾਰਾ ਸਿੰਘ ਵਿਚਾਰ ਨਾਲ ਭੜਕਾਉਂਦਾ ਨਹੀਂ, ਪਾਠਕ ਦੀ ਮਾਨਸਿਕਤਾ ਨੂੰ ਸੰਤੋਖੀ, ਅਮੀਰ ਸੰਕਲਪੀ, ਤੇ ਸੰਵੇਦਨਸ਼ੀਲ ਬਣਾਉਂਦਾ ਹੈ।

ਤਾਰਾ ਸਿੰਘ ਦੀ ਕਵਿਤਾ ਦਾ ਸਰੂਪ ਉਸਦੇ ਵਿਚਾਰਾਂ ਨੂੰ ਖੁਸ਼ਗਵਾਰ ਬਣਾਉਂਦਾ ਹੈ। ਉਸ ਦੇ ਸ਼ਿਅਰ ਚਿੰਨ੍ਹਾਂ ਉਪਮਾਵਾਂ ਨਾਲ ਸਜੇ, ਮਨ ਦੇ ਇਰਦ ਗਿਰਦ ਮਹਿਕਦੇ, ਸਾਹ ਲੈਂਦੇ ਹਨ। ਤਾਰਾ ਸਿੰਘ ਪੰਜਾਬੀ ਕਵਿਤਾ ਵਿਚ ਕਿਸੇ ਹੋਰ ਜਿਹਾ ਨਹੀਂ। ਉਸਨੇ ਭਾਸ਼ਾ ਦਾ ਜੋ ਪੈਟਰਨ ਚੁਣਿਆ, ਉਸ ਨਾਲ ਤਾਰਾ ਸਿੰਘ ਵਿਲੱਖਣ ਹੋ ਗਿਆ ਹੈ। ਉਸਨੂੰ ਸ਼ਾਇਰੀ ਦੀ ਸਭਿਅਤਾ, ਤੇ ਮਨੁੱਖੀ ਮਨ ਦਾ ਡੂੰਘਾ ਗਿਆਨ ਹੈ। ਉਸਨੂੰ ਮਨੁੱਖ ਦੀ ਅਮੀਰ ਹੋਣੀ ਵਿਚ ਦ੍ਰਿੜ੍ਹ ਵਿਸ਼ਵਾਸ ਹੈ।

ਤਾਰਾ ਸਿੰਘ ਦੀ ਕਵਿਤਾ ਜ਼ਿੰਦਗੀ ਨੂੰ ਜੀਉਣ ਤੇ ਮਾਨਣ ਦਾ ਮਘਦਾ ਉਤਸ਼ਾਹ ਪੈਦਾ ਕਰਦੀ ਹੈ।

CC-0. In Public Domain. Gurukul Kangri Collection, Haridwar